
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ

ਅਕਤੂਬਰ ੧੯੮੫



OCT 1985

ਅਖੰਡ ਕੀਰਤਨੀ ਜਥਿਆਂ ਵਲੋਂ

ਹਰਹਿਕੇ ਸਮੇਂ ਇਥੇ ਕੀਰਤਨ ਸਮਾਗਮ ਹੋ ਰਹੇ ਹਨ। ਪ੍ਰੋਗਰਾਮ ਪਿਛੇ ਵੇਖੋ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧/੭੦-੬੮-੨੧ ਮਿਤੀ ੧੭-੧੦-੬੪ ਅ. ਪ. ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਦੇਹਧਾਰੀ ਗੁਰੂਆਂ ਦਾ ਖੰਡਨ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਖੰਡਾਂ ਬ੍ਰਹਿਮੰਡਾਂ ਦਾ ਉਧਾਰ-ਨਿਸਤਾਰਾ | ੪ | ,, ,, ,, |
| ਕਲਿਜੁਗੁ ਉਧਾਰਿਆ ਗੁਰਦੇਵ | ੭ | ,, ,, ,, |
| ਆਗੈ ਸਮਝ ਚਲੋ ਨੰਦ ਲਾਲਾ, ਪਾਛੈ ਜੋ ਬੀਤੀ ਸੁ ਬੀਤੀ | ੮ | ਸ: ਨਰੈਣ ਸਿੰਘ ਜੀ ਐਮ. ਏ. |
| ਸਰਦਾਰੋ ! ਕਿਉਂ ਕੌਮ ਦਾ ਰਤੂ ਨਹਾਉਂਦੇ ਹੋ ? | ੧੩ | ,, ,, ,, |
| ਦੋ ਰੁਬਾਈਆਂ | ੧੪ | ਗਿ: ਗੋਪਾਲ ਸਿੰਘ ਜੀ 'ਮਿੱਤਰ' |
| ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ | ੧੫ | ਭਾਈ ਰਾਮ ਸਿੰਘ ਜੀ |
| ਸਤਿਗੁਰੁ ਜਾਗਿ ਜਗਾਇਦਾ | ੨੦ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਮੱਸੇ ਰੰਘੜ ਨੂੰ ਕਰਨੀ ਦਾ ਫਲ (੪) | ੨੬ | ਕੈਪਟਿਨ ਸਵਰਨ ਸਿੰਘ ਜੀ |
| ਕੁਦਰਤ ਵਿਚ ਕਾਦਰ ਦੀ ਅਸਚਰਜਤਾ | ੩੬ | ਮਾਸਟਰ ਤਾਰਾ ਸਿੰਘ ਜੀ |
| ਅੱਜ 'ਸਿਰੋਪਾਉ' ਤੇ 'ਸਿੱਖੀ' ਪੈਸੇ ਦੀ | ੩੭ | ਸ: ਸੰਤਾ ਸਿੰਘ ਜੀ ਆਜਿਜ਼ |
| ਮਾਤਾ ਬਨਾਰਸੀ ਜੀ | ੩੯ | ਸ: ਵਰਿਆਮ ਸਿੰਘ ਜੀ |
| ਅਨੰਦ-ਕਾਰਜਾਂ ਲਈ ਸਹੀ ਗੁਰ-ਮਤਿ | ੪੩ | — — |


ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ ੪ ਅਕਤੂਬਰ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ੯ ਅਕਤੂਬਰ

ਸ੍ਰੀ ਗੁਰੂ ਰਾਮਦਾਸ ਜੀ ਅਵਤਾਰ ਧਾਰਿਆ ੩੦ ਅਕਤੂਬਰ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਸੇਵਕ ਸਿੰਘ ਨਾਰਨੌਲ | 'ਸੂਰਾ' ਦੀ ਚੜ੍ਹਦੀ ਕਲਾ ਲਈ | ੨੧-੦੦ |
| ਸ: ਹਰਬੰਸ ਸਿੰਘ ਡਰਬੀ ਯੂ. ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | ੬੪-੩੨ |
| ਭਾਈ ਗੁਰਬਖਸ਼ ਸਿੰਘ ਬਿਬੇਕੀ, ਕਾਨ੍ਹਪੁਰ | ਸਪੁਤਰ ਗੁਰਚਰਨ ਸਿੰਘ ਦੇ ਅੰਤਮ ਭੋਗ ਸਮੇਂ | ੧੧-੦੦ |
| ਸ: ਰਾਜਿੰਦਰ ਸਿੰਘ ਡਡਲੀ ਯੂ. ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | ੬੦-੧੪ |
| ਗੁਪਤ ਦਾਨ | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੭-੬੦ |


ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੩.੧੦.੮੫ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ 51847 ਘਰ : 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

੧ਓ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੦੦ |
| ਹਵਾਈ ਡਾਕ | |
| ਅਰਬ ਮਲਾਇਆ | ੫੫-੦੦ |
| ਯੂ. ਕੇ., ਅਫ਼ਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |

**ਅਮਾਨਤੀ ਲਾਈਫ਼ ਮੈਂਬਰ**

| | |
|---|---|
| ਦੇਸ | ੨੫੦-੦੦ |
| ਪਰਦੇਸ | ੩੫੦-੦੦ |
| ਹਵਾਈ ਡਾਕ | |
| ਯੂ. ਕੇ. ਅਫਰੀਕਾ | ੭੦੦-੦੦ |
| ਕੈਨੇਡਾ ਅਮਰੀਕਾ | ੯੦੦-੦੦ |
| ਅਰਬ ਮਲਾਇਆ | ੫੫੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੯ ਅਕਤੂਬਰ ੧੯੮੫ ਅੰਕ ੧੦


## ਦੇਹਧਾਰੀ ਗੁਰੂਆਂ ਦਾ ਖੰਡਨ

ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ ॥੪॥੧॥ (ਪੰਨਾ ੫੯੫)

ਇਸ ਗੁਰਵਾਕ ਪੰਗਤੀ ਦੁਆਰਾ ਸਪਸ਼ਟ ਸਿਧ ਹੁੰਦਾ ਹੈ ਕਿ ਨਿਗੁਰੇ (ਬੇਪੀਰਾਂ) ਨੂੰ ਅਗਲੀ ਦਰਗਾਹ ਵਿਚ ਢੋਈ ਨਹੀਂ ਮਿਲੇਗੀ। ਆਪੋਂ ਬਣ ਬੈਠੇ ਗੁਰੂ-ਡੰਮੀਏ ਤੇ ਗੁਰੂ-ਡੰਮੀਆਂ ਦੇ ਚੇਲੇ ਚਪਾਟੇ ਸਾਰੇ ਹੀ ਅਗਲੀ ਦਰਗਾਹੋਂ ਮਾਰ ਮਾਰ ਕੇ ਕਢੇ ਜਾਣਗੇ।

ਗੁਰੂ ਨਾਨਕ ਦਸਮੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਝੋਂ ਹੋਰ ਕੋਈ ਵੀ ਸੱਚਾ ਗੁਰੂ ਨਹੀਂ; ਜਿੰਨੇ ਵੀ ਹਨ, ਆਪੋਂ ਬਣ ਬੈਠੇ ਡੰਮੀ ਗੁਰੂ ਹਨ। ਗੁਰੂ ਦਸਵੇਂ ਪਾਤਸ਼ਾਹ ਨੇ ਉਸ ਸਮੇਂ ਵਿਚ ਭੇਖੀ ਦੇਹਧਾਰੀ ਗੁਰੂਆਂ ਦੀਆਂ ਬਨਾਵਟੀ ਮੰਜੀਆਂ ਦੇਖ ਕੇ ਮਨੁਖਾਂ ਲਈ ਧੁਰਵਾ ਬੰਨ੍ਹ ਦਿਤਾ ਕਿ ਅਗੇ ਨੂੰ ਕੋਈ ਭੀ ਇਕ ਦੇਹਧਾਰੀ ਗੁਰੂ ਨਹੀਂ ਬਣ ਸਕੇਗਾ। ਗੁਰੂ ਦੀ ਜੋਤਿ ਗੁਰੂ-ਵਰੋਸਾਏ ਪੰਜਾ ਪਿਆਰਿਆਂ ਵਿਚ ਪ੍ਰਵੇਸ਼ ਕਰ ਦਿਤੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਸੱਚੀ ਗੁਰ-ਦੀਖਿਆ ਦੀ, ਅੰਮ੍ਰਿਤ ਛਕਣ ਦੀ ਮਰਯਾਦਾ ਨੂੰ ਪੂਰੀ ਕਰਦੇ ਰਹਿਣਗੇ। ਗੁਰੂ ਸਾਹਿਬ ਦੀ ਕਿਰਪਾ ਦਵਾਰਾ ਗੁਰੂ-ਦੀਖਯਤ ਗੁਰਮੁਖ ਜਨ, ਗੁਰੂ ਨਾਮ ਅਭਿਆਸ ਦੀਆਂ ਕਮਾਈਆਂ ਕਰ ਕਰ ਚਾਹੇ ਕਿਤਨੇ ਵੀ ਪੂਰਨ ਹੋਣ, ਪਰ ਉਹ ਇਕ ਇਕੱਲੇ ਗੁਰੂ ਨਹੀਂ ਕਹਾ ਸਕਣਗੇ। ਸੰਤ ਸਰੂਪ, ਭਗਤ ਸਰੂਪ ਹੁੰਦੇ ਹੋਏ ਕਿਸੇ ਵੀ ਪੁਗ ਖਲੋਤੇ ਹੋਏ ਗੁਰਮੁਖ ਜਨ ਨੂੰ ਗੁਰੂ ਦੀ ਪਦਵੀ ਨਹੀਂ ਮਿਲ ਸਕਦੀ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਗੌਰਵਤਾ' ਪੁਸਤਕ ਵਿਚੋਂ, ਪੰਨਾ ੩੦੨



www.AKJ.Org

# ਖੰਡਾਂ ਬ੍ਰਹਿਮੰਡਾਂ ਦਾ ਉਧਾਰ-ਨਿਸਤਾਰਾ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਨਾਨਕ ਪਾਇਆ ਨਾਮੁ ਨਿਧਾਨੁ ॥ ਹਰਿ ਜਪਿ ਜਪਿ ਉਧਰਿਆ ਸਗਲ ਜਹਾਨੁ ॥੪॥੧੨॥

[ਭੈਰਉ ਮਹਲਾ ੫, ਪੰਨਾ ੧੧੩੮

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਗੁਰੂ ਨਾਨਕ ਨਾਮ, ਗੁਰਮਤਿ ਨਾਮ ਨੇ ਅਜ ਤਾਈਂ ਕੋਟਾਨ ਕੋਟਿ ਜੀਵਾਂ ਦਾ ਉਧਾਰ ਕੀਤਾ ਹੈ। ਅਗੇ ਨੂੰ ਹੋਵੇਗਾ ਤੇ ਹੁੰਦਾ ਰਹੇਗਾ। ਗੁਰੂ ਬਾਬੇ ਨਾਨਕ ਸਾਹਿਬ ਨੇ ਨਾਮ ਦਾ ਚੱਕਰ ਕੇਵਲ ਇਸ ਲੋਕ (ਮਾਤ ਲੋਕ) ਵਿਖੇ ਹੀ ਨਹੀਂ ਚਲਾਇਆ, ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ 'ਦੀਪਾਂ ਲੋਆਂ' ਵਿਚ ਚਲਾਇਆ ਹੈ। ਇਸ ਬਿਧਿ ਕੋਟਾਨ-ਕੋਟਿ ਅਧਿਕਾਰੀ ਜਨਾਂ ਦਾ, ਪਤਿਤਾਂ ਦਾ ਭੀ ਉਧਾਰ ਹੋਇਆ ਹੈ, ਜੈਸਾ ਕਿ ਗੁਰਵਾਕ ਹੈ—

ਕਈ ਕੋਟਿ ਭਏ ਬੈਰਾਗੀ ॥ ਰਾਮ ਨਾਮ ਸੰਗਿ ਤਿਨ ਲਿਵ ਲਾਗੀ ॥
ਕਈ ਕੋਟਿ ਪ੍ਰਭ ਕਉ ਖੋਜੰਤੇ ॥ ਆਤਮ ਮਹਿ ਪਾਰਬ੍ਰਹਮੁ ਲਹੰਤੇ ॥
ਕਈ ਕੋਟਿ ਦਰਸਨ ਪ੍ਰਭ ਪਿਆਸ ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥
ਕਈ ਕੋਟਿ ਮਾਗਹਿ ਸਤਿਸੰਗੁ ॥ ਪਾਰਬ੍ਰਹਮ ਤਿਨ ਲਾਗਾ ਰੰਗੁ ॥
ਜਿਨ ਕਉ ਹੋਏ ਆਪਿ ਸੁਪ੍ਰਸੰਨ ॥ ਨਾਨਕ ਤੇ ਜਨ ਸਦਾ ਧਨਿ ਧੰਨਿ ॥੬॥

ਤਥਾ—ਕਈ ਕੋਟਿ ਪਾਰਬ੍ਰਹਮ ਕੇ ਦਾਸ ॥ ਤਿਨ ਹੋਵਤ ਆਤਮ ਪਰਗਾਸ ॥
ਕਈ ਕੋਟਿ ਤਤ ਕੇ ਬੇਤੇ ॥ ਸਦਾ ਨਿਹਾਰਹਿ ਏਕੋ ਨੇਤ੍ਰੇ ॥
ਕਈ ਕੋਟਿ ਨਾਮ ਰਸੁ ਪੀਵਹਿ ॥ ਅਮਰ ਭਏ ਸਦ ਸਦ ਹੀ ਜੀਵਹਿ ॥
ਕਈ ਕੋਟਿ ਨਾਮ ਗੁਨ ਗਾਵਹਿ ॥ ਆਤਮ ਰਸ ਸੁਖ ਸਹਜਿ ਸਮਾਵਹਿ ॥
ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ॥ ਨਾਨਕ ਓਇ ਪਰਮੇਸੁਰ ਕੇ ਪਿਆਰੇ ॥੮॥੧੦॥

[ਗਉੜੀ ਸੁਖਮਨੀ ਮਹਲਾ ੫

ਇਨ੍ਹਾਂ ਗੁਰ-ਪ੍ਰਮਾਣਾਂ ਤੋਂ ਸਪਸ਼ਟ ਸਿੱਧ ਹੋਇਆ ਕਿ ਗੁਰੂ ਨਾਨਕ ਦੇਵ ਦੇ ਅਪਣਾਏ ਹੋਏ ਤੇ ਅਪਣਾ ਕੇ ਤਾਰੇ ਹੋਏ ਕੋਟਾਨ-ਕੋਟਿ ਪ੍ਰਾਣੀ ਹੋ ਗੁਜ਼ਰੇ ਹਨ। ਏਹਨਾਂ ਗੁਰਵਾਕਾਂ ਦਾ ਇਕ ਇਕ ਅਖਰ, ਇਕ ਇਕ ਪਦ-ਲਫ਼ਜ਼ ਸਮੂਹ ਸਚੁ ਹੈ। ਗੁਰੂ ਨਾਨਕ ਨੇ ਕੇਵਲ ਏਸੇ ਲੋਕ ਦੇ ਪ੍ਰਾਣੀ ਹੀ ਨਹੀਂ ਉਧਾਰੇ, ਅਨੇਕਾਂ ਹੋਰਾਂ ਅਜਿਹੇ ਲੋਕਾਂ ਦੇ ਭੀ ਉਧਰਨ-ਯੋਗ ਪਾਤਰ ਜਨ ਭੀ ਉਧਾਰੇ ਹਨ, ਸਮਰੱਥ ਗੁਰੂ ਨੇ। ਸਾਰਿਆਂ ਖੰਡਾਂ ਬ੍ਰਹਿਮੰਡਾਂ ਦੇ ਉਧਾਰ ਮਾਤਰ ਲੋਕਾਂ ਨੂੰ ਉਧਾਰਿਆ ਹੈ। ਰਚਨਹਾਰ ਕਰਤਾਰ ਦੀ ਰਚਨਾ ਕੋਟਾਨ-ਕੋਟਿ ਖੰਡ ਬ੍ਰਹਿਮੰਡ ਹਨ। ਸਭਨਾਂ ਖੰਡਾਂ ਬ੍ਰਹਿਮੰਡਾਂ ਦਾ ਉਧਾਰ ਕੇਵਲ ਗੁਰੂ ਨਾਨਕ ਨਾਮ ਦੁਆਰਾ ਹੋਇਆ ਹੈ। ਨਿਰੰਕਾਰੀ ਨਾਨਕ ਨੇ ਨਿਰੰਕਾਰ ਦੀ ਰਚੀ ਕੋਟਾਨ-ਕੋਟਿ ਕਾਇਨਾਤ ਦਾ ਉਧਾਰ ਕੀਤਾ ਹੈ, ਨਿਰੰਕਾਰ ਦੇ ਹੁਕਮ ਅਨੁਸਾਰ। ਦੇਖੋ, ਨਿਰੰਕਾਰ ਦੀ ਰਚਨਾ ਅੰਦਰ ਕਿਤਨੀ ਬੇਅੰਤਤਾ ਤੇ ਅਥਾਹਤਾ ਹੈ :—

ਕਈ ਕੋਟਿ ਖਾਨੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥੭॥੧੦॥

ਅਕਾਸ ਦੇ ਪੁਲਾੜ ਅੰਦਰ, ਉਪਰ ਦਿਸਦੇ ਜੋ ਬੇਅੰਤ ਤਾਰਾ-ਗਣ ਹਨ, ਉਹ ਸਭ 'ਅਕਾਸ ਬ੍ਰਹਮੰਡ' ਹਨ। ਅਕਾਸ ਦੇ ਉਪਰ ਨਿਰੰਕਾਰੀ ਰਚਨਾ ਦੇ ਜੜੇ ਹੋਏ ਬ੍ਰਹਿਮੰਡ ਹਨ, ਜਿਨ੍ਹਾਂ ਦਾ ਅੰਤ ਪਾਰਾਵਾਰ ਨਹੀਂ। ਬੇਅੰਤਤਾ ਨੂੰ 'ਕੋਟਿ ਪਦ ਦੇ ਕੇ ਤੁਛ ਮਾਤਰ ਗਿਣਿਆ ਹੈ। ਹੈ ਸਭ ਬੇਅੰਤ ਰਚਨਾ। ਏਹ ਸਭ ਬੇਅੰਤ ਕੋਟਾਨ-ਕੋਟਿ ਦਿਸਦੇ ਅਣਦਿਸਦੇ ਉਫਕੀ ਖੰਡ ਬ੍ਰਹਿਮੰਡ ਸਭ ਵਸਦੀਆਂ ਦੁਨੀਆਂ ਹਨ। ਜੈਸੇ ਕਿ ਇਹ ਅਸਾਡੀ ਦੁਨੀਆ ਵਸਦੀ ਹੈ ਤਿਵੇਂ ਹੀ ਨਿਰੰਕਾਰੀ ਬੇਅੰਤ ਰਚਨਾ ਦੇ ਕੋਟਾਨ-ਕੋਟਿ ਖੰਡ ਬ੍ਰਹਮੰਡ ਸਭ ਵਸਦੇ ਰਸਦੇ ਲੋਕ ਹਨ। ਤਿਨ੍ਹਾਂ ਸਾਰਿਆਂ



www.AKJ.Org

ਬੇਅੰਤ ਕੋਟੀਆਂ ਦੀ ਗਿਣਤੀ ਦੇ, ਬੇਗਿਣਤ ਗਿਣਤੀ ਦੇ ਖੰਡਾਂ ਬ੍ਰਹਿਮੰਡਾਂ ਦੇ ਬੇਅੰਤ ਕੋਟੀਆਂ ਦੀ ਗਿਣਤੀ ਦੇ ਲੋਕਾਂ ਦਾ ਉਧਾਰ ਗੁਰੂ ਨਾਨਕ ਨਿਰੰਕਾਰ ਦੇ ਨਾਮ-ਜੋਤਿ ਦੀ ਨਾਮ-ਕਲਾ ਦੁਆਰਾ ਹੋਇਆ।

ਤਾਂ ਤੇ ਇਸ ਗੁਰਵਾਕ ਦੀ ਸਚਿਆਈ ਸਰਾਸਰ ਅਖਰੋ ਅਖਰ ਸੱਚ ਹੈ, ਜਿਸ ਵਿਚ ਇਹ ਨਿਰੂਪਨ ਕੀਤਾ ਹੋਇਆ ਹੈ ਕਿ ਨਾਮ ਦੁਆਰਾ ਕੋਟਾਨ-ਕੋਟਿ ਅਧਿਕਾਰੀ ਜਨਾਂ ਦਾ ਉਧਾਰ ਹੋਇਆ ਹੈ। ਇਸ ਵਿਚ ਰੰਚਕ ਭੀ ਸੰਦੇਹ ਨਹੀਂ। "ਸੈਲ ਲੋਅ ਜਿਨਿ ਉਧਰਿਆ" ਵਾਲੇ ਗੁਰਵਾਕ ਦੀ ਸਚਾਈ ਇਕ ਨਮੂਨੇ ਮਾਤਰ ਵੀਚਾਰਨਾ ਹੀ ਪੇਸ਼ ਹੋਇਆ ਹੈ। ਸਮੂਚੇ ਲੋਅ ਲੋਅ ਆਕਾਰੀ ਖੰਡਾਂ ਬ੍ਰਹਿਮੰਡਾਂ ਦਾ ਉਧਾਰ ਹੋਇਆ ਤਾਂ ਕੇਵਲ ਗੁਰਮਤਿ ਨਾਮ ਦੁਆਰਾ, ਨਿਰੰਕਾਰੀ ਨਾਮ, ਨਾਨਕ ਨਾਮ ਦੁਆਰਾ ਹੀ ਹੋਇਆ ਹੈ। ਐਸੀ ਅਮਿਤ ਅਗਾਧ ਕਲਾ ਵਾਲਾ ਨਾਮ, ਅਛਲ ਅਛੇਦ ਨਾਮ, ਭਗਤ ਭਵ-ਤਾਰਨਹਾਰਾ ਨਾਮ, ਗੁਰੂ ਅਮਰਦਾਸ ਜੀ ਨੂੰ ਦਾਤਿ ਇਲਾਹੀ ਦੁਆਰਾ ਸਫੁਰਨ ਹੋਇਆ।

ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ ਸਿਵ ਸਨਕਾਦਿ ਸਮੁਧਰਿਆ ॥੩॥

[ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੩]

= ਸੋਈ ਨਾਮ ਨਿਰੰਜਨ ਸਿਮਰ ਕੇ ਹੀ ਨਵੇਂ ਨਾਥਾਂ ਦੇ ਅਤੇ ਸ਼ਿਵਜੀ ਦਾ ਅਤੇ ਸਨਕਾਦਿ ਦਾ ਉਧਾਰ ਹੋਇਆ। 'ਸਿਵਰਿ' = ਸਿਮਰਿ। ਰਾਰੇ ਨੂੰ ਸਿਹਾਰੀ 'ਕੇ' ਦਾ ਅਰਥ ਦਿੰਦੀ ਹੈ, ਸਿਮਰ ਕੇ। 'ਸਮੁਧਰਿਆ' = ਸਮ ਉਧਰਿਆ, ਇਕ-ਸਮਾਨ ਹੀ ਉਧਰੇ, ਸ਼ਿਵ ਸਨਕਾਦਿ, ਨਵ ਨਾਥ ਆਦਿ। ਇਹ ਗੱਲ ਨਿਸਚੇ ਰਹੇ ਕਿ ਏਹਨਾਂ ਨਵਾਂ ਨਾਥਾਂ ਸ਼ਿਵ ਸਨਕਾਦਿਕਾਂ ਦਾ ਉਧਾਰ ਓਦੋਂ ਹੋਇਆ ਜਦੋਂ ਇਹ ਜਨਮ ਧਾਰ ਕੇ ਮੁੜ ਗੁਰ ਸਰਣਾਈ ਆਏ ਅਤੇ ਗੁਰੂ ਨਾਨਕ ਦੇ ਨਾਮ ਲੇਵਾ ਸਿਖ ਬਣੇ, ਗੁਰੂ ਨਾਨਕ ਦੇ ਘਰੋਂ ਨਾਮ-ਦੀਖਿਆ ਦੀ ਦਾਤਿ ਲੈ ਕੇ। ਓਦੋਂ ਪਹਿਲਾਂ ਓਹਨਾਂ ਦਾ ਉਧਾਰ ਨਹੀਂ ਹੋਇਆ। ਓਦੋਂ ਤਾਈਂ ਇਹ ਚੁਰਾਸੀ ਦੇ ਗੇੜ ਵਿਚ ਹੀ ਗਿੜ ਗਿੜ ਕੇ ਅਵਤਰਦੇ ਰਹੇ। ਕਲਜੁਗ ਵਿਖੇ ਆ ਕੇ ਏਹਨਾਂ ਜਨਮ ਧਾਰਿਆ, ਗੁਰੂ ਘਰ ਵਿਚ ਆਏ, ਤਦ ਓਹਨਾਂ ਦਾ ਉਧਾਰ ਹੋਇਆ। "ਯਾ ਮਹਿ ਰੰਚ ਨ ਸੰਸਾ ਮਾਨੋ ॥"

ਚਵਰਾਸੀਹ ਸਿਧ ਬੁਧ ਜਿਤੁ ਰਾਤੇ ਅੰਬਰੀਕ ਭਵਜਲੁ ਤਰਿਆ ॥ (੧੩੯੩)

= ਸਿਧ ਮੰਡਲੀ ਦੇ ਚੁਰਾਸੀ ਸਿਧ ਭੀ ਨਵੇਂ ਨਾਥਾਂ ਵਾਂਗ ਨਾਮ ਵਿਚ ਰੱਤ ਕੇ ਹੀ ਉਧਰੇ, ਤਿਵੇਂ ਹੀ ਅੰਬਰੀਕ ਭਗਤ ਉਧਰਿਆ ਹੈ, ਨਾਮ ਦੇ ਰੰਗਾਂ ਵਿਚ ਰੱਤ ਕੇ। ਇਹ ਸਿਧ ਬੁਧ ਨਾਥ ਜੋਗੀਆਂ ਵਿਚ ਭਰਮਦੇ ਭਰਮਦੇ ਜਦੋਂ ਗੁਰੂ ਨਾਨਕ ਦੀ ਸਰਨਾਗਤਿ ਆਏ ਤੇ ਤੱਤ-ਗੁਰਮਤਿ-ਨਾਮ ਦੀ ਦੀਖਿਆ ਤਿਨ੍ਹਾਂ ਨੂੰ ਮਿਲੀ ਤਾਂ ਜਾ ਕੇ ਏਹਨਾਂ ਦਾ ਉਧਾਰ ਹੋਇਆ, ਅਤੇ ਹੁੰਦਾ ਰਹੇਗਾ ਅਗਾਹਾਂ ਨੂੰ। ਪਰ ਉਧਾਰ ਹੋਵੇਗਾ ਤਾਂ ਕੇਵਲ ਨਾਨਕ ਨਾਮ ਦੁਆਰਾ ਹੀ ਹੋਵੇਗਾ, ਕਿਉਂਕਿ ਅਗੇ 'ਕੇਤੇ ਸਿਧ ਬੁਧ ਨਾਥ' ਦੇ ਗੁਰ ਬਚਨ ਅਨੁਸਾਰ ਬੇਗਿਣਤ ਸਿਧਾਂ ਬੁਧਾਂ ਨਾਥਾਂ ਦੀ ਗਿਣਤੀ ਵਿਚੋਂ ਬਥੇਰੇ ਸਿਧ ਬੁਧ ਨਾਥ ਬਾਕੀ ਰਹਿੰਦੇ ਹੋਣਗੇ, ਜਿਨ੍ਹਾਂ ਦਾ ਉਧਾਰ ਹੋਣਾ ਰਹਿੰਦਾ ਹੈ। 'ਜਿਤੁ' ਪਦ ਤਤੇ ਅਖਰ ਔਂਕੁੜ ਨਾਲ ਪੜਨਾਉਂ (Pronoun) ਹੈ ਨਾਮ (Noun) ਦਾ ਲਖਾਇਕ। ਗੁਰਬਾਣੀ ਅੰਦਰ ਇਹ ਪਦ ਤੱਤੇ ਔਂਕੁੜ ਨਾਲ ਹਰ ਥਾਂ ਆਉਂਦਾ ਹੈ।

ਉਧਉ ਅਕ੍ਰੂਰ ਤ੍ਰਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ ॥ (੧੩੯੩)

ਉਧਉ ਅਕਰੂਰ ਦੋਈ ਸ੍ਰੀ ਕ੍ਰਿਸ਼ਨ ਜੀ ਦੇ ਦੁਆਪਰ ਜੁਗੀ ਭਗਤ ਹਨ। ਏਹਨਾਂ ਦਾ ਕਲਿਆਣ ਭੀ ਗੁਰੂ ਦਰਬਾਰੋਂ ਨਾਮ, ਗੁਰਮਤਿ ਨਾਮ ਦੀ ਦੀਖਿਆ ਲੈ ਕੇ ਹੀ ਹੋਇਆ, ਜਦੋਂ ਇਹ ਮੁੜ ਕਲਜੁਗ ਵਿਖੇ ਜਨਮ ਧਾਰ ਕੇ ਗੁਰੂ ਘਰ ਵਿਖੇ ਆ ਕੇ ਜਨਮੇ। ਕਲਜੁਗ ਦੇ ਭਗਤਾਂ ਤ੍ਰਿਲੋਚਨ, ਨਾਮਾ, ਕਬੀਰ ਆਦਿਕ ਦੇ ਚੁਰਾਸੀ ਦੇ ਕਿਲਬਿਖ ਭੀ ਇਸੇ ਗੁਰਮਤਿ ਨਾਮ ਦੁਆਰਾ ਕਟੇ ਗਏ, ਜਦੋਂ ਗੁਰੂ ਨਾਨਕ, ਨਾਨਕ ਦੇ ਜਾਮੇ ਵਿਚ ਹੀ ਏਹਨਾਂ ਭਗਤਾਂ ਨੂੰ ਉਧਾਰਨ ਹਿਤ, ਮਾਨੋ ਨਾਮ-ਦੀਖਿਆ ਦਾਨ ਦੇਣ ਹਿਤ, ਏਹਨਾਂ ਨੂੰ ਪਾਰਸ-ਰਸਾਇਣੀ ਭੇਟ ਦਾਨ ਹਿਤ,



www.AKJ.Org

ਖ਼ੁਦ ਚਲ ਕੇ ਏਹਨਾਂ ਪਾਸ ਗਿਆ। ਜੈਸੇ ਕਿ ਅਨੇਕ ਹੋਰ ਅਧਿਕਾਰੀਆਂ ਪਾਸ ਖ਼ੁਦ ਚਲ ਕੇ ਹੀ ਗੁਰੂ ਨਾਨਕ ਨਿਰੰਕਾਰੀ ਜਾਂਦਾ ਰਿਹਾ ਹੈ। 'ਕਿਲਬਿਖ' = ਬਹੁ-ਵਚਨ (Plural noun) ਹੋਣ ਕਰਿ ਇਸ ਦਾ ਪਿਛਲਾ ਅਖਰ ਮੁਕਤਾ ਹੈ।

ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ... ...

ਇਹ ਪੰਗਤੀ ਬਾਰੰਬਾਰ ਇਸੇ ਗੱਲ ਨੂੰ ਦ੍ਰਿੜਾਵਣ ਹਿਤ, ਇਸੇ ਗੁਰਮਤਿ ਅਸੂਲ ਨੂੰ ਅਸਥਾਵਨ ਹਿਤ ਆਉਂਦੀ ਹੈ ਕਿ ਗੁਰਮਤਿ ਨਾਮ (ਵਾਹਿਗੁਰੂ) ਤੋਂ ਬਿਨਾਂ ਹੋਰ ਕੋਈ ਨਾਮ ਨਹੀਂ। ਸੋਈ ਨਿਰਾ ਨਾਮ ਵਾਹਿਗੁਰੂ ਹੀ ਹੈ ਜੋ ਅਛਲੁ ਹੈ ਅਤੇ ਭਗਤਾਂ ਨੂੰ ਭਵਜਲ ਤੋਂ ਤਾਰਨ ਨੂੰ ਸਮਰੱਥ ਹੈ। ਓਹੀ ਨਾਮ ਸ੍ਰੀ ਗੁਰੂ ਅਮਰਦਾਸ ਨੂੰ ਗੁਰੂ ਨਾਨਕ ਦੁਆਰਿਓਂ ਦੀਖਸ਼ਤ ਰੂਪ ਵਿਚ ਸਫੁਰਨ ਹੋਇਆ, ਸੋਈ ਨਾਮ ਹੀ ਸਭ ਦਾ ਤਾਰਕ ਹੈ। ਇਸ ਤੋਂ ਬਿਨਾਂ ਹੋਰ ਕੋਈ ਨਹੀਂ।

ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥੩॥ (੧੩੯੩)
ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ ਜਤੀ ਤਪੀਸੁਰ ਮਨਿ ਵਸਿਆ ॥੪॥ (੧੩੯੩)

= ਤਿਤੁ (ਗੁਰਮਤਿ) ਨਾਮ ਵਿਖੇ ਲਗ ਕੇ (ਤਿਸੇ ਗੁਰਮਤਿ ਨਾਮ ਦੇ ਸਿਮਰਨ ਵਿਖੇ ਤੱਤਪਰ ਹੋ ਕੇ) ਤੇਤੀਸ ਕਰੋੜ ਦੇਵਤਿਆਂ ਨੇ ਵਾਹਿਗੁਰੂ ਅਕਾਲ ਪੁਰਖ ਦਾ ਧਿਆਵਣਾ ਕੀਤਾ ਤਾਂ ਓਹਨਾਂ ਦੀ ਕਲਿਆਣ ਹੋਈ। ਧੰਨ ਗੁਰੂ ਨਾਨਕ ਦੇਵ, ਜਿਸ ਨੇ ਤੇਤੀ ਕਰੋੜ ਦੇਵਤਿਆਂ ਦੀ ਅਰਾਧਨਾ ਪੂਰੀ ਕੀਤੀ ਅਤੇ ਨਾਮ ਦੀ ਦਾਤਿ ਤਿਨ੍ਹਾਂ ਨੂੰ ਬਖਸ਼ੀ। ਜਤੀਆਂ ਤਪੀਸਰਾਂ ਦੇ ਮਨ ਵਿਚ ਨਾਮ ਗੁਰੂ ਨਾਨਕ ਦਾ ਵਸਾਇਆ ਹੀ ਵਸਿਆ। ਤਪੀਸੁਰ ਪਦ ਦਾ ਰਾਰਾ ਅਖਰ ਦੋ ਕਾਰਨਾਂ ਕਰ ਕੇ ਏਥੇ ਮੁਕਤਾ ਹੈ: (੧) ਇਥੇ ਇਹ ਬਹੁ-ਵਚਨ (Plural) ਹੈ। (੨) ਇਸ ਦੇ ਅਗੇ 'ਦੇ' ਸੰਬੰਧਕ ਪਦ (Preposition) ਮਫ਼ਹੂਮ ਹੈ। 'ਮਨਿ' ਪਦ ਦੇ ਨੰਨੇ ਅਖਰ ਦੀ ਸਿਹਾਰੀ 'ਵਿਖੇ' ਦਾ ਅਰਥ ਦਿੰਦੀ ਹੈ। ਲਾਗਿ = ਲਗ ਕੇ। 'ਨਾਮਿ ਲਾਗਿ' = ਨਾਮ ਸਿਮਰਨ ਵਿਖੇ ਲਗ ਕੇ। 'ਤਿਤੁ' ਜਿਤੁ ਆਦਿਕ ਪਦਾਂ ਦੇ ਪਿਛਲੇ ਤੱਤੇ ਹਮੇਸ਼ਾ ਔਂਕੁੜ ਸਹਿਤ ਹੋਣਗੇ। ਇਹ ਗੁਰਬਾਣੀ ਲਗ ਮਾਤ੍ਰੀ ਨਿਯਮਾਂ ਦਾ ਅਮਰੀ ਰੂਲ (Rule) ਹੈ। ਜਤੀਆਂ ਦਾ ਜਤ, ਤਪੀਆਂ ਦਾ ਤਪ ਗੁਰੂ ਨਾਨਕ ਦੇ ਦਰਿ ਆਉਣ ਕਰਕੇ ਹੀ ਸਫਲ ਹੋਇਆ। ਇਸੇ ਪ੍ਰਕਾਰ ਤੇਤੀਸ ਕਰੋੜ ਦੇਵਤਿਆਂ ਦਾ ਉਧਾਰਭੀ ਗੁਰੂ ਨਾਨਕ ਦੇ ਦਰ ਤੋਂ ਹੀ ਹੋਇਆ, ਹੋਰ ਕਿਤੋਂ ਨਹੀਂ ਹੋਇਆ।

ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ ਚਰਣ ਚਿਤ ਅੰਮ੍ਰਿਤ ਰਸਿਆ ॥੪॥ (੧੩੯੩)

= ਸੋਈ ਨਾਮ (ਗੁਰਮਤਿ ਨਾਮ) ਸਿਮਰ ਕੇ ਗੰਗਾ-ਜਾਇਆ ਭੀਸ਼ਮ ਪਿਤਾਮਾ ਦਾ ਚਿਤ ਭੀ ਗੁਰੂ ਨਾਨਕ ਅਮਰਦਾਸ ਦੇ ਚਰਨੀਂ ਲਗ ਕੇ ਅੰਮ੍ਰਿਤ-ਰਸਿਆ ਹੋਇ ਗਇਆ। 'ਅੰਮ੍ਰਿਤ ਰਸਿਆ' = ਅੰਮ੍ਰਿਤ ਰਸ ਰਸਾਇਣਾ ਹੋ ਗਿਆ। 'ਚਰਨ' ਅਤੇ 'ਚਿਤ' ਪਦਾਂ ਦੇ ਪਿਛਲੇ ਅਖਰ ਮੁਕਤੇ ਹਨ, ਕਿਉਂਕਿ ਏਹਨਾਂ ਦੇ ਅਗੇ 'ਦੇ' ਅਤੇ 'ਦਾ' ਸੰਬੰਧਕ ਪਦ (Preposition) ਅਰਥ ਬੋਧਕ ਹਨ। ਤਿਸ ਭੀਸ਼ਮ ਪਿਤਾਮਾ ਦੀ ਗਤੀ (ਕਲਿਆਣ) ਭੀ ਤਦ ਹੋਈ ਜਦੋਂ ਇਹ ਕਲਜੁਗ ਵਿਚ ਜਨਮ ਧਾਰ ਕੇ ਗੁਰੂ ਨਾਨਕ ਦੀ ਸ਼ਰਨੀ ਆਇਆ ਅਤੇ ਗੁਰੂ ਨਾਨਕ ਦੁਆਰਿਓਂ ਤਿਨ (ਭੀਸ਼ਮ ਪਿਤਾਮਾ) ਨੇ ਗੁਰਮਤਿ ਨਾਮ ਦੀ ਦੀਖਿਆ ਲਈ। ਹੁਣ ਭੀ ਜੇਹੜੇ ਗੁਰੂ ਨਾਨਕ ਦਸਮੇਸ਼ ਦੇ ਘਰ ਦੇ ਸਾਜੇ ਨਿਵਾਜੇ ਨਾਮ-ਕਲਾ-ਧਾਰੀ ਪੰਜਾਂ ਪਿਆਰਿਆਂ ਦੀ ਸ਼ਰਨੀ ਆਉਂਦੇ ਹਨ, ਸੋ ਪਿਛਲੇ ਜਨਮਾਂ ਦੇ ਤਪੀਸਰ ਰਿਖੀਸਰ ਹੀ ਹਨ, ਜੋ ਪ੍ਰਬਲ ਸੰਜੋਗਾਂ ਕਰਿ ਅੰਮ੍ਰਿਤ ਦੇ ਅਧਿਕਾਰੀ ਬਣਦੇ ਹਨ ਅਤੇ ਨਾਮ ਦੀ ਪਾਤਰਤਾ ਦੇ ਭੀ ਭਾਗੀ ਹੁੰਦੇ ਹਨ।

['ਗੁਰਬਾਣੀ ਲਗ-ਮਾਤ੍ਰਾਂ ਦੀ ਵਿਲੱਖਣਤਾ' ਵਿਚੋਂ, ਪੰਨਾ ੪੮੦-੯੬]


www.AKJ.Org

# ਕਲਿਜੁਗੁ ਉਧਾਰਿਆ ਗੁਰਦੇਵ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਕਲਜੁਗ ਵਿਚ ਸਿਵਾਇ ਗੁਰਮਤਿ (ਖਾਲਸਾ ਧਰਮ) ਤੋਂ ਹੋਰ, ਕਿਸੇ ਬੇਦੀ ਕਤੇਬੀ ਧਰਮਾਂ ਦੇ ਦਸੇ ਹੋਏ ਸਾਧਨ, ਸਭ ਨਿਸਫਲ ਹਨ। ਕਲਜੁਗ ਵਿਚ ਉਧਾਰ ਨਿਸਤਾਰੇ ਦਾ ਸਾਰਾ ਪਰਬੰਧ ਗੁਰੂ ਨਾਨਕ ਸਾਹਿਬ ਦੇ ਸਪੁਦਰ ਹੈ। ਗੁਰੂ ਅਰਜਨ ਸਾਹਿਬ ਨੇ ਇਸ ਗੱਲ ਨੂੰ ਹੇਠ ਲਿਖੇ ਗੁਰਵਾਕ ਵਿਚ ਚੰਗੀ ਤਰ੍ਹਾਂ ਖੋਲ੍ਹ ਕੇ ਦਸਿਆ ਹੈ—

ਕਲਿਜੁਗੁ ਉਧਾਰਿਆ ਗੁਰਦੇਵ ॥
ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥੧॥ਰਹਾਉ॥
ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ ॥
ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ ॥੨॥ [ਆਸਾ ਮਹਲਾ ੫, ਪੰਨਾ ੪੦੬

ਏਸ ਗੁਰਵਾਕ ਦਾ ਭਾਵ ਇਹ ਹੈ ਕਿ ਕਲਜੁਗ ਵਿਚ ਜੀਵਾਂ ਦਾ ਉਧਾਰ ਗੁਰੂ ਸਾਹਿਬ ਨੇ ਕੀਤਾ ਹੈ, ਜੋ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਜਾਰੀ ਹੈ। ਮਹਾਂ ਅਪਵਿਤ੍ਰ, ਤੇ ਅਗਿਆਨ ਦੇ ਕਾਰਨ ਮੂਰਖ ਬਣੇ ਹੋਏ ਲੋਕ ਸਭ ਅਕਾਲ ਪੁਰਖ ਦੀ ਸੇਵਾ ਵਲ ਲਗ ਗਏ ਤੇ ਇਹ ਸੇਵਾ ਤੇ ਭਗਤੀ ਭਾਵ ਦੀ ਲਹਿਰ ਏਥੋਂ ਤਕ ਵਧ ਗਈ ਕਿ ਧਰਮਰਾਜ ਇਸ ਕੌਤਕ ਨੂੰ ਦੇਖ ਕੇ ਹੈਰਾਨ ਹੋ ਗਿਆ ਕਿ ਸਾਰੀ ਸ੍ਰਿਸ਼ਟੀ ਸਤਿਗੁਰੂ ਦੀ ਪੈਰੀਂ ਆ ਪਈ ! ਭਾਵ, ਸਭ ਨੇ ਸਤਿਗੁਰੂ ਦੀ ਸ਼ਰਨ ਲੈ ਕੇ ਸਿਖੀ ਦਾਨ ਪ੍ਰਾਪਤ ਕੀਤਾ। ਏਸ ਦਾ ਮੋਟਾ ਅਰਥ ਇਹ ਹੈ ਕਿ ਜੋ ਸਿਲਸਿਲਾ ਗੁਰੂ ਨਾਨਕ ਸਾਹਿਬ ਨੇ ਜੀਵਾਂ ਦੇ ਉਧਾਰ ਦਾ ਜਾਰੀ ਕੀਤਾ ਹੈ, ਇਹ ਮੁਕੰਮਲ ਓਦੋਂ ਹੋਣਾ ਹੈ ਜਦ ਸਾਰੀ ਸ੍ਰਿਸ਼ਟੀ ਨੇ ਉਧਰਨਾ ਹੈ। ਤੇ ਉਦੋਂ ਹੀ ਧਰਮਰਾਜ ਨੇ ਹੈਰਾਨ ਹੋਣਾ ਹੈ। ਇਹ ਸਮਾਂ ਜ਼ਰੂਰ ਆਉਣਾ ਹੈ, ਜਦੋਂ ਕਿ ਸਾਰੇ ਜਗਤ ਨੇ ਖਾਲਸਾ ਧਰਮ ਗ੍ਰਹਿਣ ਕਰ ਕੇ ਵਰਸਾਉਣਾ ਹੈ। ਇਸੇ ਗੱਲ ਨੂੰ ਬਿਲਾਵਲ ਮਹਲਾ ੩ ਵਿਚ ਇਉਂ ਦਰਸਾਇਆ ਹੈ—

ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥ (ਪੰਨਾ ੭੯੭)

ਭਾਵ, ਕਲਜੁਗ ਵਿਚ ਕੇਵਲ ਸਤਿਗੁਰ ਦੀ ਬਾਣੀ ਤੇ ਨਾਮ ਗੁਰਮੰਤਰ 'ਵਾਹਿਗੁਰੂ' ਦੇ ਜਪਣ ਨਾਲ ਹੀ ਉਧਾਰ ਦਾ ਬਾਨ੍ਹਣੂ ਬਝ ਸਕਦਾ ਹੈ। (ਇਸ ਸ਼ਬਦ ਦੀ ਵਿਆਖਿਆ ਕਿਤੇ ਹੋਰਥੇ ਕੀਤੀ ਜਾ ਚੁਕੀ ਹੈ)। ਮੁਕਦੀ ਗੱਲ ਇਹ ਕਿ ਕਲਜੁਗ ਵਿਚ ਗੁਰਮਤਿ ਹੀ ਸੱਚਾ ਤੇ ਸਦੀਵੀ ਕਲਿਆਨ-ਕਾਰੀ ਧਰਮ ਹੈ, ਜਿਸ ਦਾ ਦੂਜਾ ਨਾਮ ਗੁਰੂ ਦਸਮ ਪਾਤਸ਼ਾਹ ਨੇ ਸੰਕੇਤ ਕੇ 'ਖਾਲਸਾ ਧਰਮ' ਰਖਿਆ ਹੈ।

[ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਗੌਰਵਤਾ' ਦਾ ਅੰਤਮ ਸਿੱਟਾ

---

## *ਗੁਰਸਿਖ ਦੀ ਰਹਿਣੀ*

ਪਿਛਲ ਰਾਤੀ ਜਾਗਣਾ, ਨਾਮੁ ਦਾਨੁ ਇਸਨਾਨੁ ਦਿੜਾਏ ॥
ਮਿਠਾ ਬੋਲਣੁ ਨਿਵ ਚਲਣੁ, ਹਥਹੁ ਦੇ ਕੈ ਭਲਾ ਮਨਾਏ ॥
ਥੋੜਾ ਸਵਣਾ ਖਾਵਣਾ, ਥੋੜਾ ਬੋਲਣੁ ਗੁਰਮਤਿ ਪਾਏ ॥
ਘਾਲਿ ਖਾਇ ਸੁਕ੍ਰਿਤ ਕਰੈ, ਵਡਾ ਹੋਇ ਨ ਆਪੁ ਗਣਾਏ ॥
ਸਾਧ ਸੰਗਤਿ ਮਿਲਿ ਗਾਂਵਦੇ, ਰਾਤਿ ਦਿਹੈਂ ਨਿਤ ਚਲਿ ਚਲਿ ਜਾਏ ॥
ਸਬਦ ਸੁਰਤਿ ਪਰਚਾ ਕਰੈ, ਸਤਿਗੁਰ ਪਰਚੈ ਮਨ ਪਰਚਾਏ ॥
ਆਸਾ ਵਿਚਿ ਨਿਰਾਸ ਵਲਾਏ ॥੧੫॥ (੨੮) [ਭਾਈ ਗੁਰਦਾਸ ਜੀ



www.AKJ.Org

# ਆਗੇ ਸਮਝ ਚਲੋ ਨੰਦ ਲਾਲਾ, ਪਾਛੇ ਜੋ ਬੀਤੀ ਸੁ ਬੀਤੀ

[ਸ: ਨਰੈਣ ਸਿੰਘ ਜੀ ਐਮ. ਏ., ਸਾਬਕਾ ਮੈਨੇਜਰ ਨਨਕਾਣਾ ਸਾਹਿਬ]

ਧਰਮ ਤੇ ਦੇਸ਼ ਖ਼ਾਤਰ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੀ ਖਾਲਸਾ ਕੌਮ ਦੀ ਅਡਰੀ ਹੋਂਦ ਨੂੰ ਤਸਲੀਮ ਕਰ ਕੇ ਹੀ ਪਹਿਲਾਂ ਕਾਂਗਰਸੀ ਹਿੰਦੂ ਮੁਖੀ, ਸਿਖਾਂ ਦੇ ਵਿਸ਼ੇਸ਼ ਹਕੂਕਾਂ ਦੀ ਗੱਲ ਕਰਦੇ ਰਹੇ ਅਤੇ ਕਈ ਤਰ੍ਹਾਂ ਨਾਲ ਵਿਸ਼ਵਾਸ ਦੇ ਕੇ ਇਨ੍ਹਾਂ ਨੂੰ ਆਪਣੇ ਜਾਲ ਵਿਚ ਫਸਾਂਦੇ ਗਏ। ਪਰ ਦੇਸ਼ ਅਜ਼ਾਦ ਹੁੰਦੇ ਸਾਰ ਸਭ ਕਾਸੇ ਤੋਂ ਮੁਕਰ ਗਏ ਅਤੇ ਸਿਖਾਂ ਉਪਰ ਹਿੰਦੂ ਕਾਨੂੰਨਾਂ ਦੀਆਂ ਧਾਰਾਵਾਂ ਲਾਗੂ ਕਰ ਕੇ ਇਨ੍ਹਾਂ ਦੀ ਅਡਰੀ ਹਸਤੀ ਨੂੰ ਖ਼ਤਮ ਕਰਨ ਦੀ ਠਾਨ ਲਈ। ਇਸੇ ਜਤਨ ਵਿਚ ਸਿਖਾਂ ਨਾਲ ਅਨੇਕਾਂ ਵਧੀਕੀਆਂ ਹੋਈਆਂ, ਕਈ ਤਰ੍ਹਾਂ ਨਾਲ ਜ਼ਲੀਲ ਕੀਤਾ ਗਿਆ ਅਤੇ ਅੰਤ ਨੂੰ ਸ੍ਰੀ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਵਿਖੇ ਖ਼ੂਨੀ ਹੋਲੀ ਖੇਡੀ ਗਈ, ਅਤੇ ਫਿਰ ਇੰਦਰਾ ਗਾਂਧੀ ਦੇ ਇਕ ਦੋ ਸਿਖਾਂ ਹਥੋਂ ਕਤਲ ਹੋ ਜਾਣ ਪਿਛੋਂ ਸਾਰੀ ਸਿਖ ਕੌਮ ਤੇ ਅਨੇਕਾਂ ਜ਼ੁਲਮ ਢਾਹੇ ਗਏ, ਹਜ਼ਾਰਾਂ ਬੇਦੋਸ਼ਿਆਂ ਸਿਖਾਂ ਨੂੰ ਭਿਆਨਕ ਤਸੀਹੇ ਦੇ ਦੇ ਕੇ ਕੋਹ ਕੋਹ ਕੇ ਮਾਰਿਆ ਗਿਆ, ਔਰਤਾਂ ਦੀ ਬੇਪਤੀ ਕੀਤੀ ਗਈ ਅਤੇ ਗੁਰੂ ਸਰੂਪ ਤੇ ਗੁਰ-ਅਸਥਾਨਾਂ ਨੂੰ ਸਾੜਿਆ ਫੂਕਿਆ ਗਿਆ।

ਉਪਰੋਕਤ ਸਾਰੇ ਸਮਾਚਾਰਾਂ ਦਾ ਸਹੀ ਚਿਤਰ ਸ: ਨਰੈਣ ਸਿੰਘ ਜੀ ਨੇ "ਕਿਉ ਕੀਤੋ ਵੇਸਾਹੁ" ਸਿਰਲੇਖ ਹੇਠ ਚਾਰ ਟ੍ਰੈਕਟਾਂ ਵਿਚ ਚਿਤਰਿਆ ਹੈ, ਜੋ ਕਿਤਾਬੀ ਸ਼ਕਲ ਵਿਚ ਛੇਤੀ ਛਾਪਣ ਦਾ ਜਤਨ ਕੀਤਾ ਜਾਏਗਾ। ਹੇਠ ਦਿਤਾ ਜਾ ਰਿਹਾ ਲੇਖ ਵੀ ਇਸੇ ਲੇਖ-ਲੜੀ ਦਾ ਹੀ ਇਕ ਅੰਗ ਹੈ। —ਸੰਪਾਦਕ

ਅੱਜ ਲੋੜ ਹੈ ਆਪਣੀ ਨਬਜ਼ ਤੇ ਹੱਥ ਰਖਣ ਅਤੇ ਇਸ ਦੀ ਹਰਾਰਤ ਵੇਖਣ ਦੀ। ਜੇ ਅਸੀਂ ਏਨੀ ਮਾਰ ਖਾ ਕੇ ਅਜ ਵੀ ਨਹੀਂ ਸੰਭਲਦੇ ਅਤੇ ਆਪਣਾ ਨਫ਼ਾ ਨੁਕਸਾਨ ਨਹੀਂ ਵਿਚਾਰਦੇ ਅਤੇ ਹਾਲੇ ਵੀ ਮਿਨਿਸਟਰੀਆਂ ਅਤੇ ਜਥੇਦਾਰੀਆਂ ਦੀਆਂ ਕੁਰਸੀਆਂ ਹੀ ਸਾਡਾ ਨਿਸ਼ਾਨਾ ਹਨ ਤਾਂ ਸਾਡੇ ਜਿਤਨਾ ਗਿਆ ਗਵਾਚਿਆ ਮਨੁਖ ਹੋਰ ਕੌਣ ਹੋਵੇਗਾ? ਸਾਰਿਆਂ ਤੋਂ ਮਾੜੀ ਗੱਲ, ਸਾਡਾ ਆਪਣੇ ਸਤਿਗੁਰੂ ਤੇ ਭਰੋਸਾ ਤੇ ਵਿਸ਼ਵਾਸ ਗੁਆ ਲੈਣ ਦੀ ਹੈ। ਐਸੇ ਘੋਰ ਸਮੇਂ ਸਾਨੂੰ ਸਤਿਗੁਰੂ ਦਾ ਲੜ ਫੜਨ ਦੀ ਲੋੜ ਹੈ। ਗੁਰੂ ਜੀ ਵਾਰ ਵਾਰ ਸਾਨੂੰ ਇਹ ਵਿਸ਼ਵਾਸ ਬੰਨ੍ਹਾਉਂਦੇ ਹਨ ਕਿ—

ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ ॥
ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ ॥੪॥ (੧੪੧੦)

ਆਓ, ਇਸ ਬਿਪਤਾ ਕਾਲ ਵਿਚ ਸਤਿਗੁਰੂ ਦਾ ਦਾਮਨ ਫੜੀਏ। ਸਤਿਗੁਰੂ ਜੀ ਦਾ ਫੁਰਮਾਨ ਹੈ—

ਜਿਸ ਦਾ ਸਾਹਿਬੁ ਡਾਢਾ ਹੋਇ ॥ ਤਿਸ ਨੋ ਮਾਰ ਨ ਸਾਕੈ ਕੋਇ ॥੩। (੮੪੨)

ਸਤਿਗੁਰੂ ਦੇ ਲੜ ਲਗਿਆਂ ਖਾਲਸਾ ਸਦਾ ਜੀਵਤ ਰਹੇਗਾ। ਇਸ ਵਿਸ਼ਵਾਸ ਉਪਰ ਦ੍ਰਿੜ੍ਹਤਾ ਲਿਆਉਣ ਦੀ ਲੋੜ ਹੈ—

ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ
ਤਾਂ ਮਨ ਚਿੰਦੇ ਅਨੇਕ ਅਨੇਕ ਫਲ ਪਾਈ ॥੧॥ (੮੫੯)

ਪਰ "ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ", (੧੩੭੨) ਜਦੋਂ ਖਾਲਸੇ ਨੇ ਆਪਣਾ ਕਰਮ ਛਡ ਦਿਤਾ ਤਾਂ ਸਾਚਾ 'ਸਤਿਗੁਰੁ ਕਿਆ ਕਰੈ'। ਸਤਿਗੁਰੂ, ਲੜ-ਲਗਿਆਂ ਦੀ ਹੀ ਬਾਂਹ ਫੜਦਾ ਹੈ। ਜਦੋਂ ਇਹ ਸਤਿਗੁਰੂ ਦਾ ਲੜ ਛਡ ਕੇ ਹੋਰਨਾਂ ਦੀ ਓਟ ਆਸਰਾ ਧਾਰ ਲਵੇ ਤਾਂ ਸਤਿਗੁਰੂ ਕਹਿੰਦੇ ਹਨ—

'ਮੈਂ ਨ ਕਰਉਂ ਇਨ ਕੀ ਪਰਤੀਤ।'



www.AKJ.Org

ਜਦੋਂ ਇਹ ਖਾਲਸਾ ਨਾ ਰਿਹਾ ਅਤੇ ਗੁਰੂ ਨੂੰ ਛਡ ਕੇ ਆਪਣਾ 'ਵੇਸਾਹੁ' ਦੂਜਿਆਂ ਤੇ ਕਰ ਲਿਆ ਤਾਂ ਇਸ ਨੂੰ ਵਾਪਰੇ ਹਾਨ ਲਾਭ ਦਾ ਗੁਰੂ ਨੂੰ ਕਾਹਦਾ ਦੋਸ਼ ? ਤੁਸੀਂ ਪੁਛੋਗੇ ਕਿ ਅਸੀਂ ਗੁਰੂ ਦਾ ਵੇਸਾਹੁ ਕਦੋਂ ਤੇ ਕਿਵੇਂ ਛਡਿਆ ? ਆਓ, ਇਸ ਦੀ ਪੜਚੋਲ ਕਰੀਏ।

ਸਤਿਗੁਰੂ ਦਾ ਫੁਰਮਾਨ ਸੀ : "ਪ੍ਰਿਥਮ ਭਗਉਤੀ ਸਿਮਰਿ ਕੈ"

ਸਿਖ ਨੂੰ ਪਹਿਲ-ਪ੍ਰਿਥਮੇ ਸ਼ਕਤੀ-ਸ਼ਾਲੀ ਹਸਤੀ ਉਤੇ ਭਰੋਸਾ ਰਖਦੇ ਹੋਏ, ਉਸ ਨੂੰ ਚੇਤੇ ਅੰਦਰ ਵਸਾਉਣ ਦਾ ਹੁਕਮ ਹੈ। ਵਾਹਿਗੁਰੂ ਦੇ ਅਨੇਕ ਗੁਣਾਂ ਵਿਚੋਂ ਉਸ ਦੀ ਸ਼ਕਤੀ (ਬਲ-ਸਮਰੱਥਾ) ਦੇ ਗੁਣ ਨੂੰ ਹੋਰ ਸਾਰੇ ਗੁਣਾਂ ਉਪਰ ਪਹਿਲ ਦਿਤੀ ਹੈ। ਇਸ ਦੀ ਪੁਸ਼ਟੀ ਸਤਿਗੁਰੂ ਜੀ ਦੇ ਇਨ੍ਹਾਂ ਬਚਨਾਂ ਤੋਂ ਭੀ ਹੁੰਦੀ ਹੈ—

(੧) ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ ॥੨॥ (ਪਹਿਲ ਖੰਡੇ ਨੂੰ ਦਿਤੀ ਹੈ)
[ਚੰਡੀ ਦੀ ਵਾਰ, ਪਾ: ੧੦

(੨) ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ ॥੩॥ (ਸ਼ਸਤਰ ਪੀਰ ਵਤ ਪੂਜਣ-ਯੋਗ ਹਨ)

ਅਸੀਂ ਰੋਜ਼ ਸਵੇਰੇ ਸ਼ਾਮ ਅਰਦਾਸ ਭੀ 'ਪ੍ਰਿਥਮ ਭਗੌਤੀ ਸਿਮਰਿ ਕੈ' ਹੀ ਕਰਦੇ ਹਾਂ। ਸਿੰਘ ਸਜਣ ਸਮੇਂ ਸਾਨੂੰ ਹੁਕਮ ਭੀ ਕਿਰਪਾਨ ਧਾਰੇ ਰਖਣ ਦਾ ਹੈ। ਪਰੰਤੂ ਸਾਡੇ ਵਿਚੋਂ ਕਿੰਨੇ ਕੁ ਹਨ ਜੋ ਸਵੇਰੇ ਉਠਣ ਸਾਰ ਜਾਂ ਦਿਨ ਭਰ ਅੰਦਰ ਕਦੀ ਸ਼ਸਤਰ ਦਾ ਧਿਆਨ ਭੀ ਮਨ ਅੰਦਰ ਲਿਆਉਂਦੇ ਹੋਣ। ਕਿਰਪਾਨ ਖਾਲਸੇ ਦਾ ਧਾਰਮਕ ਸ਼ਸਤਰ ਅਤੇ ਸਿੰਘ ਦੇ ਜੀਵਨ ਦਾ ਲਾਜ਼ਮੀ ਚਿੰਨ੍ਹ ਹੈ, ਜਿਸ ਦੇ ਰਖਣ ਤੇ ਕੋਈ ਕਾਨੂੰਨੀ ਪਾਬੰਦੀ ਵੀ ਨਹੀਂ ਅਤੇ ਜਿਸ ਦੇ ਵਰਤਣ ਬਾਰੇ ਗੁਰੂ ਜੀ ਦਾ ਵਿਸ਼ੇਸ਼ ਫੁਰਮਾਨ ਹੈ—

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸਤ।
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ।੨੨। [ਜ਼ਫਰਨਾਮਾ ਪਾ: ੧੦

ਜਦੋਂ ਹਾਲਾਤ ਤੇ ਕਾਬੂ ਪਾਉਣ ਦੇ ਹੋਰ ਸਾਰੇ ਹੀਲੇ ਨਾਕਾਮ ਹੋ ਜਾਣ ਤਾਂ ਤਲਵਾਰ ਨੂੰ ਹੱਥ ਲੈ ਲੈਣਾ ਜਾਇਜ਼ ਹੈ। ਬਲਕਿ ਗੁਰੂ ਜੀ ਵਡੇ ਤਾੜਨਾ ਭਰੇ ਸ਼ਬਦਾਂ ਵਿਚ ਸੂਚਨਾ ਦੇਂਦੇ ਹਨ : "ਬਿਨਾ ਸ਼ਸਤਰ ਕੇਸੰ, ਨਰੰ ਭੇਡ ਜਾਨੋ—ਗਹੇ ਕਾਨ ਤੇ ਨਰ ਕਿਤੈ ਲੈ ਸਿਧਾਨੋ", ਤਾਂ ਇਸ ਪ੍ਰਥਾਇ ਇਹ ਪੁਛਣਾ ਅਨੁਚਤ ਨਹੀਂ ਹੋਵੇਗਾ ਕਿ ਸਾਡੇ ਵਿਚੋਂ ਕਿੰਨੇ ਕੁ ਸਿੰਘ ਹਨ ਜੋ ਇਸ ਗੁਰੂ-ਹੁਕਮ ਦੀ ਪਾਲਨਾ ਲਈ ਆਪਣੇ ਪਾਸ ਜਾਂ ਆਪਣੇ ਘਰ ਕਿਰਪਾਨ ਰਖਦੇ ਹਨ, ਅਤੇ ਜੋ ਰਖਦੇ ਹਨ ਉਨ੍ਹਾਂ ਵਿਚੋਂ ਕਿੰਨਿਆਂ ਨੇ ਆਪਣੀ ਅਤੇ ਆਪਣੇ ਧੀਆਂ ਭੈਣਾਂ ਬੱਚਿਆਂ ਦੇ ਜਾਨ ਮਾਲ ਦੀ ਹਿਫ਼ਾਜ਼ਤ ਅਤੇ ਘਰਾਂ ਬਾਰਾਂ ਦੇ ਫੂਕੇ ਜਾਣ ਤੋਂ ਬਚਾਉਣ ਜਾਂ ਪਰਮ ਪਾਵਨ ਗੁਰਦੁਆਰਿਆਂ ਅਤੇ ਗੁਰੂ ਸਰੂਪ ਦੀ ਬੇਇਜ਼ਤੀ ਰੋਕਣ ਲਈ ਇਸ ਦੀ ਵਰਤੋਂ ਕੀਤੀ ?

ਆਪਣੇ ਬਚਾਉ ਜਾਂ ਕਿਸੇ ਹੋਰ ਅਨਾਥ ਮਜ਼ਲੂਮ ਦੀ ਰਖਿਆ ਲਈ ਇਸ ਦਾ ਵਰਤਣਾ ਕਾਨੂੰਨੀ ਜੁਰਮ ਭੀ ਨਹੀਂ ਸੀ,ਪਰੰਤੂ ਬਹੁਤ ਘਟ ਰੀਪੋਰਟਾਂ ਮਿਲੀਆਂ ਹਨ ਜਿਥੇ ਗੁਰਸਿਖਾਂ ਨੇ ਆਪਣੇ ਇਸ ਅਹਿਮ ਫ਼ਰਜ਼ ਨੂੰ ਪਛਾਣਿਆ ਹੋਵੇ। ਐਸੀਆਂ ਰੀਪੋਰਟਾਂ ਵੀ ਹਨ ਕਿ ਜਿਥੇ ਸਿੰਘਾਂ ਨੇ ਕਿਰਪਾਨਾਂ ਧੂਹ ਲਈਆਂ ਉਥੋਂ ਬਲਵਈ ਪਾਸਾ ਕਰ ਗਏ ਅਤੇ ਜਾਨ ਮਾਲ ਤੇ ਇਜ਼ਤ ਦਾ ਬਚਾਅ ਹੋ ਗਿਆ।

ਮੈਨੂੰ ਸਾਲ ੧੯੧੭-੧੮ ਦੀ ਗੱਲ ਯਾਦ ਹੈ ਜਦੋਂ ਮੁਸਲਮਾਨ ਬਲਵਈਆਂ ਨੇ ਜ਼ਿਲਾ ਝੰਗ ਅੰਦਰ ਬਹੁਤ ਸਾਰੇ ਹਿੰਦੂ ਪਿੰਡਾਂ ਨੂੰ ਲੁਟਿਆ ਅਤੇ ਅਹਿਮਦਾਬਾਦ ਜਹੇ ਵਡੇ ਵਡੇ ਕਈ ਕਸਬੇ ਵੀ ਲੁਟੇ, ਪਰੰਤੂ ਉਹਨਾਂ ਦੇ ਸਾਹਮਣੇ ਕਿਸੇ ਹੱਥ ਨਾ ਉਠਾਇਆ ਅਤੇ ਉਹ ਲੁਟ ਮਾਰ ਕਰਦੇ ਹੋਏ ਜ਼ਿਲਾ ਮੁਲਤਾਨ ਦੇ ਇਕ ਪਿੰਡ ਜੱਸੋ ਕਾਵੀਂ ਤੇ ਪੁਜ ਗਏ। ਅਗਲੇ ਭਲਕ ਉਸ ਪਿੰਡ ਦੀ ਵਾਰੀ ਸੀ ਤਾਂ ਉਥੋਂ ਦੇ ਕੁਝ ਮੁਖੀ ਹਿੰਦੂ ਗੁਆਂਢ ਵਿਚ ਇਕ ਸਿਖਾਂ ਦੇ ਪਿੰਡ ਨੰਦਪੁਰ ਮਦਦ ਲਈ ਪਹੁੰਚੇ। ਏਥੋਂ ਤਿੰਨ ਸਿੰਘ ਤਿੰਨ-ਫੁਟੀਆਂ ਨੰਗੀਆਂ ਕਿਰਪਾਨਾਂ ਹੱਥੀਂ ਲੈ ਕੇ ਐਨ ਉਸ ਵੇਲੇ ਜੱਸੋ ਪਹੁੰਚ ਗਏ ਜਦੋਂ ਬਲਵਈਆਂ ਦਾ ਢੋਲ ਵਜਦਾ ਅਤੇ ਉਨ੍ਹਾਂ ਦਾ ਟੋਲਾ ਪਿੰਡ ਵਿਚ


www.AKJ.Org

ਦਾਖ਼ਲ ਹੋ ਹੀ ਰਿਹਾ ਸੀ। ਇਹ ਟੁਟ ਕੇ ਹਜੂਮ ਤੇ ਪੈ ਗਏ, ਜਿਸ ਨਾਲ ਇਕ ਮੁਸਲਮਾਨ ਤਾਂ ਥਾਂ ਹੀ ਰਖਿਆ (ਮਾਰ ਦਿਤਾ) ਤੇ ਕਈ ਫਟੜ ਹੋਏ। ਇਹ ਵੇਖ ਸਾਰੇ ਬਲਵਈਆਂ ਕੰਡ ਵਿਖਾਈ ਤੇ ਭਜ ਗਏ। ਇਉਂ ਨਿਰਾ ਜੱਸੋ ਦੇ ਹਿੰਦੂ ਹੀ ਲੁਟੇ ਜਾਣ ਤੋਂ ਨਹੀਂ ਬਚੇ, ਬਲਕਿ ਲੁਟ ਮਾਰ ਦਾ ਸਿਲਸਿਲਾ ਉਥੇ ਹੀ ਬੰਦ ਹੋ ਗਿਆ।

ਇਸੇ ਦੌਰਾਨ ਮੁਲਤਾਨ ਸ਼ਹਿਰ ਵਿਚ ਵੀ ਮੁਸਲਮਾਨ ਹਜੂਮ ਨੇ ਕਈ ਹਿੰਦੂਆਂ ਦੀਆਂ ਦੁਕਾਨਾਂ ਤੇ ਘਰ ਲੁਟੇ ਸਨ। ਇਕ ਟੋਲਾ ਲੁਟ ਮਾਰ ਕਰਦਾ ਹੋਇਆ ਉਸ ਗਲੀ ਵਿਚ ਆ ਗਿਆ ਜਿਥੇ ਗੁਰਦੁਆਰਾ ਭਾਈ ਦਿਆਲ ਸੀ। ਇਨ੍ਹਾਂ ਗੁਰਦੁਆਰੇ ਵਲ ਨੂੰ ਰੁਖ਼ ਕੀਤਾ, ਤਾਂ ਇਕ ਯਾਤਰੂ ਕਿਰਪਾਨ-ਧਾਰੀ ਸਿੰਘ ਜੋ ਰਾਤ ਤੋਂ ਉਥੇ ਠਹਿਰਿਆ ਹੋਇਆ ਸੀ, ਇਕੱਲਾ ਹੀ ਕਿਰਪਾਨ ਧੂਹ ਕੇ ਗੁਰਦੁਆਰੇ ਦੇ ਗੇਟ ਮੂਹਰੇ ਗਲੀ ਵਿਚ ਆ ਖੜਾ ਹੋਇਆ। ਉਹ ਪਲੱਥੇ-ਬਾਜ਼ ਸੀ ਅਤੇ ਤਲਵਾਰ ਵਾਹੁਣੀ ਜਾਣਦਾ ਸੀ। ਉਸ ਨੇ ਐਸੀ ਤਲਵਾਰ ਘੁਮਾਈ ਅਤੇ ਛਲਾਂਗਾਂ ਲਗਾਂਦਾ ਇਕੱਲਾ ਹੀ ਹਜੂਮ ਤੇ ਟੁਟ ਪਿਆ ਜਿਸ ਨਾਲ ਕਿ ਹਜੂਮ ਅਲ ਪਲ ਵਿਚ ਤਿਤਰ ਬਿਤਰ ਹੋ ਗਿਆ। ਇਸ ਤੋਂ ਕੁਝ ਦਿਨ ਬਾਅਦ ਜਦੋਂ ਅਮਨ ਚੈਨ ਹੋਇਆ ਤਾਂ ਪੰਡਤ ਮਦਨ ਮੋਹਨ ਮਾਲਵੀਆ ਜੀ ਮੁਲਤਾਨ ਆਏ ਤੇ ਇਹ ਵਾਕਿਆ ਸੁਣਿਆ, ਤਾਂ ਹਿੰਦੂਆਂ ਦੇ ਇਕ ਇਕੱਠ ਨੂੰ ਸੰਬੋਧਨ ਕਰਦੇ ਹੋਏ, ਪੰਡਤ ਜੀ ਨੇ ਉਨ੍ਹਾਂ ਪ੍ਰਤੀ ਕਿਹਾ ਕਿ ਹਰ ਹਿੰਦੂ ਪਰਵਾਰ ਨੂੰ ਆਪਣਾ ਇਕ ਲੜਕਾ ਸਿੰਘ ਸਜਾਉਣਾ ਚਾਹੀਦਾ ਹੈ। ਇਸੇ ਦਾ ਪ੍ਰਭਾਵ ਸੀ ਕਿ ਉਹਨੀਂ ਦਿਨੀਂ ਕਈ ਹਿੰਦੂ ਪਰਵਾਰ, ਜੋ ਆਪਣੇ ਆਪ ਨੂੰ ਸਹਿਜਧਾਰੀ ਕਹਿੰਦੇ ਸਨ, ਅੰਮ੍ਰਿਤ ਛਕ ਕੇ ਸਿੰਘ ਸਜ ਗਏ।

ਕਿੰਨੀ ਸ਼ੋਕਮਈ ਗੱਲ ਹੈ ਕਿ ਸਾਡੇ ਘਰਾਂ ਵਿਚ ਟੈਲੀਵੀਜਨ, ਰੇਡੀਓ, ਟੇਪ-ਰੀਕਾਰਡਰ, ਗ੍ਰਾਮੋਫੋਨਾਂ ਦੀ ਅਤੇ ਹੋਰ ਮੌਜ ਮੇਲੇ ਤੇ ਸੁਖ ਦੀ ਸਮਾਨ ਦੀ ਭਰਮਾਰ ਤਾਂ ਹੋਵੇ ਅਤੇ ਅਸੀਂ ਸਮੇਤ ਬੱਚਿਆਂ ਜ਼ਨਾਨੀਆਂ ਦੇ ਟੀ. ਵੀ. ਆਦਿ ਤੇ ਗੰਦੀ ਤੋਂ ਗੰਦੀ ਫ਼ਿਲਮ ਅਤੇ ਫ਼ੁਹਸ਼ ਗੀਤ ਸੁਣਨ ਲਈ ਸਮਾਂ ਤੇ ਪੈਸਾ ਤਾਂ ਪਾਣੀ ਵਾਂਗ ਰੋੜ੍ਹ ਸਕਦੇ ਹੋਈ ਏ,ਸ਼ਰਾਬ ਦੀਆਂ ਕੈਨੀਆਂ ਵੀ ਸਿਖ ਘਰਾਂ ਵਿਚ ਭਰੀਆਂ ਪਈਆਂ ਹੋਣਗੀਆਂ, ਪਰ ਜਿਸ ਭਗਉਤੀ ਦੇ ਸਵੇਰੇ ਸ਼ਾਮ ਸਿਮਰਨ ਦਾ ਸਾਨੂੰ ਹੁਕਮ ਹੈ, ਉਸ ਨੂੰ ਰਖਣ ਜਾਂ ਲੋੜ ਪੈਣ ਤੇ ਵਰਤ ਲੈਣ ਦੀ ਨਾ ਸਾਨੂੰ ਵੇਹਲ ਹੋਵੇ ਨਾ ਜਾਚ, ਅਤੇ ਨਾ ਉਸ ਵਾਸਤੇ ਪੈਸਾ।

ਇਹ ਤਾਂ ਮਹਾਤਮਾ ਗਾਂਧੀ ਜੈਸਾ ਅਹਿੰਸਾ ਦਾ ਪੁਜਾਰੀ ਵੀ ਕਹਿੰਦਾ ਗਿਆ ਸੀ ਕਿ ਸਿਖ ਨੂੰ ਜਾਚ ਹੈ ਅਤੇ ਸਿਖ ਆਪਣੇ ਹੱਕ ਦੀ ਹਿਫ਼ਾਜ਼ਤ ਲਈ ਤਲਵਾਰ ਦੀ ਵਰਤੋਂ ਵੀ ਕਰ ਸਕਦਾ ਹੈ ਤਾਂ ਉਹ ਕੀ ਕਾਰਨ ਸੀ ਜੁ ਅਸੀਂ ਮਹਾਤਮਾ ਜੀ ਦੀ ਸਲਾਹ ਭੀ ਭੁਲ ਗਏ।

ਜਿਥੇ ਆਪਣੇ ਬਚਾਉ ਲਈ ਹੱਥ ਉਠਾਇਆ ਜਾ ਸਕਦਾ ਸੀ, ਅਸੀਂ ਉਥੇ ਭੀ ਸੰਕੋਚ ਤੋਂ ਕੰਮ ਲਿਆ, ਜਿਸਦਾ ਇਕੋ ਹੀ ਕਾਰਨ ਲਭਦਾ ਹੈ ਕਿ ਬਲਵਈਆਂ ਦੇ ਹਜੂਮ ਅਤੇ ਵਰਤਾਉ ਤੋਂ ਸਾਨੂੰ ਮੌਤ ਆਉਂਦੀ ਝਲਕੀ, ਜਿਸ ਦੇ ਭੈ ਨੇ ਸਾਨੂੰ ਪਹਿਲੋਂ ਹੀ ਸਾਹਸ-ਹੀਨ ਕਰ ਦਿਤਾ। ਅਸੀਂ ਇਹ ਭੀ ਨਾ ਸੋਚਿਆ ਕਿ ਮੌਤ ਨੇ ਤਾਂ ਹੁਣ ਆਉਣਾ ਹੀ ਆਉਣਾ ਹੈ, ਮਰਦਾਂ ਵਾਂਗੂ ਜੂਝ ਕੇ ਕਿਉਂ ਨ ਮਰਿਆ ਜਾਏ ? ਅਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪੁਤਰ ਕਹਾਉਂਦੇ ਹਾਂ।

ਸਾਨੂੰ ਖਾਲਸਾ ਸਜਣ ਸਮੇਂ ਪੰਜ ਪਿਆਰਿਆਂ ਵਲੋਂ ਇਹ ਦਸਿਆ ਗਿਆ ਸੀ। ਸਾਡਾ ਪਿਤਾ ਸੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਬਾਰੇ ਕਹਿੰਦੇ ਹਨ—

ਛਤ੍ਰੀ ਕੋ ਪੂਤ ਹੌਂ ਬਾਮਨ ਕੋ ਨਹਿ, ਕੈ ਤਪ ਆਵਤ ਹੈ ਸੁ ਕਰੋ ॥੨੪੮੯॥

ਅਤੇ ਅਗੇ ਜਾ ਕੇ ਅਕਾਲ ਪੁਰਖ ਪ੍ਰਤੀ ਅਰਦਾਸ ਭੀ ਇਹੋ ਕਰਦੇ ਹਨ—

(ਪ੍ਰਭੂ, ਮੇਰੀ ਅਬੈ ਬੇਨਤੀ ਸੁਨਿ ਲੀਜੈ)। ਇਹ ਬੇਨਤੀ ਕੀ ਹੈ ?

ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰਿ ਅਪਨੀ ਜੀਤ ਕਰੋ ॥੨੩੧॥

ਜਿਸ ਗੁਰੂ ਦੀ ਵਾਹਿਗੁਰੂ ਪ੍ਰਤੀ ਅਰਦਾਸ ਹੀ ਇਹੋ ਹੈ ਕਿ ਮੈਂ ਕਿਸੇ ਕਿਸਮ ਦਾ ਡਰ ਨਾ ਮੰਨਾਂ ਅਤੇ ਮੇਰਾ ਇਸ ਗੱਲ ਤੇ ਦ੍ਰਿੜ੍ਹ ਵਿਸ਼ਵਾਸ ਹੋਵੇ ਕਿ ਮੇਰੀ ਜਿਤ ਹੋਵੇਗੀ, ਪਰੰਤੂ ਜੇ ਤੈਨੂੰ ਇਹ ਪ੍ਰਵਾਨ ਨਾ ਹੋਵੇ ਤਾਂ ਮੇਰੀ ਇਹੋ



www.AKJ.Org

ਅਰਦਾਸ ਹੈ ਕਿ—

'ਜੂਝਿ ਮਰਉਂ ਰਣ ਮਹਿ ਤਜ ਭੈ'

ਐਸੇ ਗੁਰੂ ਦਾ ਸਾਜਿਆ ਖਾਲਸਾ ਕਿਉਂ ਮੰਨੇ ਡਰ ਵੈਰੀ ਦਾ, ਅਤੇ ਕਿਉਂ ਨਾ ਆਪਣੇ ਪ੍ਰਾਣ ਵੈਰੀ ਨਾਲ ਜੂਝਦਾ ਹੋਇਆ ਤਿਆਗੇ ?

ਬਾਬਾ ਗੁਰਬਖਸ਼ ਸਿੰਘ, ਅਬਦਾਲੀ ਦੀ ਦਸ ਹਜ਼ਾਰ ਲੜਾਕੀ ਫ਼ੌਜ ਨਾਲ ਜੂਝਣ ਲਈ ਕੇਵਲ ਤੀਹ ਸਿੰਘਾਂ ਨਾਲ ਟੁਟ ਕੇ ਪਠਾਣਾਂ ਤੇ ਪੈ ਗਿਆ ਸੀ। ਉਹਨਾਂ ਨੂੰ ਮੌਤ ਸਾਹਮਣੇ ਦਿਸਦੀ ਸੀ, ਪਰ ਉਹਨਾਂ ਪਰਵਾਹ ਨਹੀਂ ਕੀਤੀ ਅਤੇ ਸੈਂਕੜੇ ਵੈਰੀਆਂ ਦੇ ਆਹੂ ਲਾਹੁੰਦੇ ਹੋਏ ਤੀਹ ਦੇ ਤੀਹ ਹੀ ਸ਼ਹੀਦੀਆਂ ਪਾ ਗਏ ਸਨ। ਜੇਕਰ ਉਹ ਵੀ ਸਾਡੇ ਵਾਂਗ ਮੌਤ ਦਾ ਭੈ ਮੰਨਦੇ ਤਾਂ ਅੱਜ ਉਹਨਾਂ ਦਾ ਨਾਉਂ ਵੀ ਕਿਸੇ ਨਹੀਂ ਲੈਣਾ ਸੀ।

ਗੁਰੂ ਕਲਗੀਧਰ ਪਾਤਸ਼ਾਹ ਫ਼ੁਰਮਾਂਦੇ ਹਨ—

ਦੇਹ ਅਨਿਤ ਨ ਨਿਤ ਰਹੈ, ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ ॥੨੪੯੨॥

ਜਿਸ ਸਰੀਰ ਨੇ ਹਮੇਸ਼ਾ ਰਹਿਣਾ ਹੀ ਨਹੀਂ ਅਤੇ ਜਾਣਾ ਹੀ ਜਾਣਾ ਹੈ, ਉਹ ਸੰਸਾਰ ਤੋਂ ਜਸ ਖਟ ਕੇ ਕਿਉਂ ਨਾ ਜਾਏ ਅਤੇ ਅਪਜਸ ਵਾਲੀ ਮੌਤ ਕਿਉਂ ਮਰੇ ? ਗੁਰੂ ਜੀ ਨੇ ਆਪਣਾ ਜੀਵਨ-ਉਦੇਸ਼ ਹੀ 'ਧਰਮ ਚਲਾਵਨ ਸੰਤ ਉਬਾਰਨ—ਦੁਸ਼ਟ ਸਭਨ ਕੋ ਮੂਲ ਉਪਾਰਨ'† ਦਸਿਆ ਸੀ। ਧਰਮ ਦਾ ਪ੍ਰਕਾਸ਼ ਕਰਨਾ ਅਤੇ ਦੁਸ਼ਟ ਦੀ ਜੜ੍ਹ ਪੁਟ ਦੇਣਾ ਇਹ ਦੋ ਕੰਮ ਸਨ, ਜਿਸ ਲਈ ਉਨ੍ਹਾਂ ਕਿਹਾ :—'ਯਾਹੀ ਕਾਜ ਧਰਾ ਹਮ ਜਨਮੰ'† ਅਤੇ ਜਿਸ ਕਿਸੇ ਨੇ ਆਪ ਦੇ ਇਸ ਉਦੇਸ਼ ਨੂੰ ਅਪਣਾਇਆ, ਉਸ ਲਈ ਕਿਹਾ—

ਧੰਨ ਜੀਉ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿਤ ਮੈਂ ਜੁਧ ਬਿਚਾਰੈ ॥੨੪੯੨॥

ਭਾਵ—(ੳ) ਹਰੀ ਨਾਮ ਦਾ ਸਿਮਰਨ ਅਤੇ (ਅ) ਧਰਮ-ਜੁਧ ਲਈ ਚਾਉ।

ਗੁਰੂ ਦੇ ਇਸ ਉਦੇਸ਼ ਨੂੰ ਅਪਣਾਅ ਕੇ ਹੀ ਅਸੀਂ ਗੁਰੂ ਦੇ ਵੇਸਾਹੁ-ਪਾਤਰ ਬਣ ਸਕਦੇ ਹਾਂ। ਗੁਰੂ ਦਾ ਬਾਣਾ ਅਤੇ ਬਾਣੀ—ਸ਼ਸਤਰ ਅਤੇ ਗੁਟਕਾ ਹੀ ਗੁਰੂ ਦੀਆਂ ਐਸੀਆਂ ਦੇਣਾਂ ਹਨ, ਜਿਨ੍ਹਾਂ ਰਾਹੀ ਸਾਡੀ ਗੁਰੂ ਨਾਲ ਪ੍ਰਤੀਤ ਬਣੀ ਰਹਿ ਸਕਦੀ ਹੈ। ਇਨ੍ਹਾਂ ਤੋਂ ਵਾਂਜੇ ਜਾਣਾ, ਗੁਰੂ ਦੀ ਪ੍ਰਤੀਤ ਤੋਂ ਵਾਂਜਿਆਂ ਜਾਣਾ ਹੈ। ਸੋ ਸ਼ਸਤਰ-ਧਾਰੀ ਹੋਣਾ ਅਤੇ ਧਰਮ ਦੀ ਵਿਰਧੀ ਲਈ ਇਸ ਦੀ ਵਰਤੋਂ ਸਿਖ ਦੇ ਮੁਖ ਕਰਮ ਹਨ। ਗੁਰੂ ਹਰਿ ਗੋਬਿੰਦ ਸਾਹਿਬ ਨੇ ਫ਼ੁਰਮਾਇਆ ਸੀ : 'ਸ਼ਸਤਰ ਗਰੀਬ ਕੀ ਰਖਿਆ ਜਰਵਾਣੇ ਕੀ ਭਖਿਆ' ਲਈ ਹੈ।

ਸਾਡੀ ਗ਼ੈਰਾਂ ਪਾਸੋਂ ਮੰਗੀ ਤੇ ਅਪਣਾਈ ਸਭਯੱਤਾ ਨੇ ਸਾਨੂੰ ਗੁਰੂ ਵਲੋਂ ਵੇਮੁਖ ਕਰ ਦਿਤਾ, ਅਸੀਂ ਮਾਇਆ ਹੱਥ ਵਿਕ ਗਏ, ਸੁਖ-ਰਹਿਣੇ ਹੋ ਗਏ, ਅਤੇ ਸਾਡੇ ਲਈ ਉਹ 'ਸੁਖੁ ਰੋਗੁ ਭਇਆ'। ਜੇ ਸਾਡੇ ਪਾਸ ਸ਼ਸਤਰ ਹੁੰਦੇ ਅਤੇ ਅਸੀਂ ਇਨ੍ਹਾਂ ਦਾ ਵਰਤਣਾ ਜਾਣਿਆ ਹੁੰਦਾ, ਤਾਂ ਸਾਡੀ ਵਾ ਵਲ ਵੀ ਕੋਈ ਨਾ ਵੇਖ ਸਕਦਾ। ਪਰ ਅਸੀਂ ਪੀਣ ਖਾਣ ਪਹਿਰਨ ਅਤੇ ਰੰਗ ਮੰਚ ਦੀ ਮੌਜ ਮਾਨਣ ਵਿਚ ਉਲਝ ਗਏ, ਸਾਨੂੰ ਵੇਹਲ ਹੀ ਨਾ ਮਿਲਿਆ, ਗੁਰੂ ਗੋਬਿੰਦ ਸਾਹਿਬ ਦੀ ਰਹਿਤ ਰਹਿਣ ਦਾ। ਅਸੀਂ, ਜੋ ਲੋਕਾਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਆਬਰੂ ਦੇ ਰਾਖੇ ਸਾਂ, ਆਪਣੀਆਂ ਧੀਆਂ ਭੈਣਾਂ ਦੀ ਪਤ ਦੀ ਰਾਖੀ ਵੀ ਨਾ ਕਰ ਸਕੇ।

ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ—

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥ (੪੧੭)

ਜੇਕਰ ਅਸੀਂ ਜਰ ਤੇ ਜ਼ਮੀਨ (ਧਨ ਦੌਲਤ ਪਦਾਰਥ ਤੇ ਮਹਿਲ ਮਾੜੀਆਂ) ਨਾਲ ਏਨਾ ਪਿਆਰ ਨਾ ਪਾਇਆ ਹੁੰਦਾ ਤਾਂ ਏਨੀ ਖੁਆਰੀ ਨਾ ਹੁੰਦੀ। ਭਾਵੇਂ ਇਹ ਠੀਕ ਹੈ ਕਿ ਅਰੰਭ ਵਿਚ ਸਾਰਾ ਬਲਵਾ ਦਾੜ੍ਹੀ

† ਬਚਿਤ੍ਰ ਨਾਟਕ, ਅਧਿ. ੬, ਅੰਕ ੪੩



www.AKJ.Org

ਕੇਸ ਤੇ ਪਗੜੀ ਵਾਲੇ ਹਰ ਸਿਖ ਦੇ ਖ਼ਿਲਾਫ਼ ਸੀ, ਪਰ ਜਦੋਂ ਬਲਵਾਈਆਂ ਦੇ ਮੂੰਹ ਧਨ ਪਦਾਰਥ ਦੀ ਲੁਟ ਦਾ ਲਹੂ ਲਗ ਗਿਆ; ਤਾਂ ਉਨ੍ਹਾਂ ਦਾ ਨਿਸ਼ਾਨਾ ਵਧੇਰੇ ਕਰਕੇ ਧਨਾਢ ਮਨੁਖ ਬਣੇ ਅਤੇ ਬਲਾਤਕਾਰੀ ਵੀ ਵਧੇਰੇ ਫ਼ੈਸ਼ਨ-ਪ੍ਰਸਤ ਬੀਬੀਆਂ ਨਾਲ ਹੋਈ ਅਤੇ ਗੁਰੂ ਜੀ ਦੇ ਫ਼ੁਰਮਾਨ ਅਨੁਸਾਰ—

ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ ॥

**ਪਰ ਜੋ** ਵਰਤਿਆ ਉਹ ਵਾਪਸ ਨਹੀਂ ਮੁੜ ਸਕਦਾ ਅਤੇ ਇਸ ਉਤੇ ਸਬਰ ਦਾ ਘੁਟ ਭਰਨਾ ਅਤੇ ਸਰਬ ਸਮਰੱਥ **ਪ੍ਰਭੂ ਦੀ** ਰਜ਼ਾ ਨੂੰ ਸਿਰ ਮੱਥੇ ਮੰਨਣਾ ਹੀ ਬਣਦਾ ਹੈ। ਨਾ ਇਸ ਦਾ ਦੋਸ਼ ਅਸੀਂ ਵਾਹਿਗੁਰੂ ਨੂੰ ਦੇ ਸਕਦੇ ਹਾਂ, ਕਿਉਂਕਿ ਓਹ ਆਪਣੀ ਜ਼ਾਤ ਵਿਚ ਨਿਰਵੈਰ ਹੈ। ਗੁਰੂ ਜੀ ਫ਼ੁਰਮਾਉਂਦੇ ਹਨ—

ਪਿਰੁ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ ॥੨॥ (ਗਉੜੀ ਛੰਤ—੨੪੭)

ਪਤੀ-ਪ੍ਰਭੂ ਦਾ ਤਾਂ ਇਸ ਵਿਚ ਕੋਈ ਦੋਸ਼ ਨਹੀਂ, ਸਾਡੀਆਂ ਬੁਰੀਆਂ ਖ਼ਸਲਤਾਂ ਨੇ ਸਾਨੂੰ ਉਸ ਪਾਸੋਂ ਦੂਰ ਕਰ ਦਿਤਾ ਅਤੇ ਅਸੀਂ ਦੁਖਾਂ ਦੇ ਮੂੰਹ ਆ ਗਏ।

ਹੁਣ ਤਾਂ 'ਆਗੇ ਸਮਝ ਚਲੋ ਨੰਦ ਲ ਲਾ, ਪਾਛੇ ਜੋ ਬੀਤੀ ਸੁ ਬੀਤੀ।

ਅਸੀਂ ਹੁਣ, ਜੋ ਬੀਤ ਚੁਕਾ ਹੈ, ਉਸਦਾ ਹਿਰਖ ਨਾ ਕਰੀਏ, ਨਾ ਜੀਵਨ ਦਾ ਰਹਿੰਦਾ ਸਮਾਂ ਅਜਾਈ ਗੁਆਈਏ ਅਤੇ ਸਤਿਗੁਰੂ ਪਾਤਸ਼ਾਹ ਦੀ ਚਰਨ ਸਰਨ ਵਿਚ ਰਹਿ ਕੇ ਉਸ ਦੇ ਹੁਕਮ ਨੂੰ ਸਮਝੀਏ ਅਤੇ ਗੁਰੂ ਨਾਲ ਆਪਣੀ ਪ੍ਰਤੀਤ ਬਣਾਈਏ।

ਮੈਂ ਸਮਝਦਾ ਹਾਂ ਕਿ ਦੁਖਿਤ ਅਤੇ ਡੋਲੇ ਹੋਏ ਹਿਰਦਿਆਂ ਤੇ ਅਜਿਹੀਆਂ ਸਮਝਾਉਣੀਆਂ ਬਹੁਤੀ ਕਾਟ ਨਹੀਂ ਕਰ ਸਕਦੀਆਂ, ਨਾ ਐਸੀ ਹਾਲਤ ਵਿਚ ਓਹ ਆਪਣੇ ਭਵਿਖ ਬਾਰੇ ਹੀ ਬਹੁਤ ਸੋਚ ਸਕਦੇ ਹੁੰਦੇ ਹਨ। ਜਿਨ੍ਹਾਂ ਮਾਵਾਂ ਦੇ ਜਵਾਨ ਪੁਤਰ ਘਿਣਾਉਣੀ ਮੌਤੇ ਮਾਰੇ ਗਏ ਹੋਣ, ਜਿਨ੍ਹਾਂ ਜੁਆਨ ਉਮਰ ਇਸਤ੍ਰੀਆਂ ਦੇ ਬਾਂਕੇ ਗਭਰੂ ਪਤੀ ਉਨ੍ਹਾਂ ਦੀਆਂ ਅਖਾਂ ਸਾਹਮਣੇ ਜਿਉਂਦੇ ਸਾੜ ਦਿਤੇ ਗਏ ਹੋਣ, ਜਿਨ੍ਹਾਂ ਦੇ ਨਿਆਣੇ ਬਾਲਾਂ ਨੂੰ ਚੀਰਿਆ ਅਤੇ ਕੁਹ ਕੁਹ ਸੁਟਿਆ ਗਿਆ ਹੋਵੇ, ਜਿਨ੍ਹਾਂ ਬਿਰਧਾਂ ਦੀਆਂ ਨੂੰਹਾਂ ਧੀਆਂ ਦੀ ਪਤ ਉਨ੍ਹਾਂ ਦੇ ਵੇਖਦਿਆਂ ਲੁਟੀ ਗਈ ਹੋਵੇ, ਅਤੇ ਏਨਾ ਕੁਝ ਕਰਨ ਕਰਾਉਣ ਵਾਲੇ ਬਦਮਾਸ਼. ਉਨ੍ਹਾਂ ਦੀਆਂ ਅਖਾਂ ਸਾਹਮਣੇ ਅਜ ਵੀ ਆਕੜ ਆਕੜ ਫਿਰਦੇ ਹੋਣ ਅਤੇ ਉਨ੍ਹਾਂ ਨੂੰ ਕੋਈ ਪੁਛਣ ਵਾਲਾ ਨਾ ਹੋਵੇ ਤਾਂ ਉਨ੍ਹਾਂ ਦੇ ਮਨ ਕੀ ਬੀਤਦੀ ਹੋਵੇਗੀ, ਅਤੇ ਓਹ ਸਾਡੀਆਂ ਇਨ੍ਹਾਂ ਗੱਲਾਂ ਨਾਲ ਕਿਵੇਂ ਧੀਰਜ ਫੜ ਸਕਦੇ ਹੋਣਗੇ, ਖ਼ਾਸ ਕਰ ਜਦੋਂ ਓਹ ਆਪੂੰ ਕੁਝ ਕਰ ਸਕਣ ਲਈ ਬੇਬਸ ਹੋਣ।

ਪਰ ਸਾਡੇ ਨਾਲ ਇਹ ਕੁਝ ਪਹਿਲੀ ਵਾਰ ਨਹੀਂ ਹੋਇਆ। ਅਸੀਂ ਮੁਗ਼ਲ ਤੇ ਪਠਾਣ ਕਾਲ ਸਮੇਂ ਵੀ ਦੋ ਘਲੂਘਾਰੇ ਦੇਖੇ। ਅੰਗਰੇਜ਼ ਕਾਲ ਸਮੇਂ ਜਲ੍ਹਿਆਂ ਵਾਲੇ ਬਾਗ ਨਨਕਾਣਾ ਸਾਹਿਬ, ਗੁਰੂ ਕੇ ਬਾਗ ਅਤੇ ਗੁਰਦੁਆਰਾ ਗੰਗਸਰ (ਜੈਤੋ) ਅੰਦਰ ਜੋ ਕੁਝ ਸਾਡੇ ਨਾਲ ਵਾਪਰਿਆ, ਇਹ ਭੀ ਸਾਨੂੰ ਭੁਲਿਆ ਨਹੀਂ, ਅਤੇ ਦੇਸ਼ ਦੀ ਆਜ਼ਾਦ ਜਮਹੂਰੀ ਹਕੂਮਤ ਸਮੇਂ ਇਕ ਸਾਲ ਅੰਦਰ ਸਾਡੇ ਨਾਲ ਦੋ ਬੇਮਿਸਾਲ ਅਤਿ ਵਡੇ ਘਲੂਘਾਰੇ ਜੂਨ ਅਤੇ ਨਵੰਬਰ ੮੪ ਵਿਚ ਵਰਤ ਚੁਕੇ ਹਨ, ਜਿਨ੍ਹਾਂ ਨੇ ਪਿਛਲੇ ਸਾਰੇ ਵਾਕਿਆਤ ਨੂੰ ਮਾਤ ਪਾ ਦਿਤਾ ਹੈ।

ਇਹ ਸਮਾਂ ਸਾਡੇ ਲਈ ਦਿਲ ਹਾਰਨ ਦਾ ਨਹੀਂ, ਸਗੋਂ ਅਸੀਂ ਜੋ ਸਠ ਸਾਲ (੧੯੨੪ ਤੋਂ ੧੯੮੪) ਸੁਖ ਅਰਾਮ ਦੀ ਨੀਂਦ ਸੌਂ ਕੇ ਗੁਜ਼ਾਰੇ ਹਨ ਅਤੇ ਸਾਡੀ ਦਸ਼ਾ ਧਾਰਮਕ, ਸਮਾਜਕ, ਰਾਜਨੀਤਕ ਅਤੇ ਸਭਯਾਚਾਰਕ (Cultural) ਹਰ ਪਖੋਂ ਨਿਘਰੀ ਹੈ, ਇਸ ਦਸ਼ਾ ਨੂੰ ਸੰਭਾਲਣ ਅਤੇ ਖਾਲਸਈ ਅਸਲੇ ਦੇ ਪੁਨਰ ਨਿਰਮਾਣ ਕਰਨ ਦੀ ਅਜ ਲੋੜ ਹੈ। ਇਸ ਨੂੰ ਵਾਹਿਗੁਰੂ ਦੇ ਹੁਕਮ ਦੀ ਖੇਡ ਜਾਣ ਕੇ 'ਜੋ ਕਿਛੁ ਅਹੇ ਸਭ ਤੇਰੀ ਰਜਾਇ' (੧੧੨੫) ਮੰਨ ਲਈਏ। ਅਗਰ ਅਸੀਂ ਨਹੀਂ ਮੰਨਾਂਗੇ ਤਾਂ ਵੀ ਅਸੀਂ ਵਾਪਰ ਚੁਕੀਆਂ ਘਟਨਾਵਾਂ ਨੂੰ ਅਣਹੋਈ (Undo) ਤਾਂ ਕਿਸੇ ਸੂਰਤ ਕਰ ਨਹੀਂ ਸਕਦੇ, ਤਾਂ ਸਾਡਾ ਰੋਣਾ ਕੁਰਲਾਣਾ ਜਾਂ ਝੂਰਨਾ ਕਿਸ ਕੰਮ ਹੈ। ਸਾਨੂੰ ਮਰਦਾਨਗੀ ਅਤੇ ਹੌਸਲੇ ਤੋਂ ਕੰਮ ਲੈਣਾ ਚਾਹੀਦਾ ਹੈ। ਅਸੀਂ ੧੯੪੭ ਵਿਚ ਵੀ ਉਜੜੇ ਸਾਂ, ਸਾਡੇ ਕਈ ਭਰਾ ਭੈਣਾਂ ਮਾਰੇ✿



www.AKJ.Org

# ਸਰਦਾਰੋ ! ਕਿਉਂ ਕੌਮ ਦੀ ਰਤੂ ਨਹਾਉਂਦੇ ਹੋ ?

[ਸ: ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ]

ਸਾਨੂੰ ਇਹ ਕਹਿਣ ਵਿਚ ਸੰਕੋਚ ਨਹੀਂ ਕਿ ਸਿਖ ਕੌਮ ਨੂੰ ਜਦ ਕਦੀ ਵੀ ਹੇਠੀ ਦਾ ਮੂੰਹ ਵੇਖਣਾ ਪਿਆ, ਇਸ ਦਾ ਕਾਰਨ ਕੌਮ ਦੇ ਲੀਡਰ ਤੇ ਜਥੇਦਾਰ ਹੀ ਸਨ, ਜਿਨ੍ਹਾਂ ਵਿਚਾਲੇ ਕੁਰਸੀਆਂ ਦੀ ਵੰਡ ਨੇ, ਜਾਂ ਉਨ੍ਹਾਂ ਦੇ ਵਿਰੋਧੀ ਹੱਥਾਂ ਵਿਚ ਵਿਕ ਜਾਣ ਨੇ, ਕੌਮ ਦਾ ਭੱਠਾ ਬਹਾ ਦਿਤਾ।

ਜਿਸ ਹਉਮੈ ਦੇ ਤਿਆਗ ਲਈ ਸਤਿਗੁਰੁ ਸਾਹਿਬਾਨ, ਸਿਖ ਨੂੰ ਵਾਰ ਵਾਰ ਟੁੰਬਦੇ ਹਨ, ਉਸ ਦਾ ਸਾਡੇ ਮਨਾਂ ਤੇ ਏਨਾ ਪ੍ਰਭਾਵ ਹੈ ਕਿ ਸਤਿਗੁਰੂ ਬਖਸ਼ੇ ! ਹਜ਼ਾਰਾਂ ਬੇਗੁਨਾਹਾਂ ਅਤੇ ਮਾਸੂਮਾਂ ਦਾ ਕਤਲਾਮ, ਸੈਂਕੜੇ ਸਿਖ ਭੈਣਾਂ ਧੀਆਂ ਦੀ ਬਲਾਤਕਾਰੀ, ਸ੍ਰੀ ਅਕਾਲ ਤਖ਼ਤ ਅਤੇ ਹੋਰ ਮੁਖ ਅਸਥਾਨਾਂ ਦੀ ਬੇਹੁਰਮਤੀ, ਸਮੁਚੇ ਸਿਖ ਵਿਰਸੇ ਦੀ ਤਬਾਹੀ ਅਤੇ ਅਨੇਕ ਜਾਗਤ-ਜੋਤਿ ਗੁਰੂ ਸਰੂਪਾਂ ਦੀ ਸਾੜ ਫੂਕ ਦਾ ਵੀ ਸਾਨੂੰ ਹਿਰਖ ਨਹੀਂ। ਸਾਡੇ ਅੰਦਰ ਇਕੋ ਹੀ ਪਕੜ ਹੈ ਕਿ ਸਾਡੀ ਕੁਰਸੀ ਸਲਾਮਤ ਰਹੇ। ਲਖ ਲਖ ਧਿਕਾਰ ਹੈ ਐਸੀ ਕੁਰਸੀ ਨੂੰ, ਜਿਸ ਨੇ ਸਾਰੀ ਕੌਮ ਵੇਚ-ਵਟ ਖਾਧੀ ਹੈ। ਇਹ ਕੁਰਸੀ ਵੀ ਨਹੀਂ ਰਹਿਣੀ। ਹੋਸ਼ ਕਰੋ ਲੀਡਰੋ, ਜਥੇਦਾਰੋ ਤੇ ਸਰਦਾਰੋ, ਕਿਉਂ ਕੌਮ ਦੀ ਰਤੂ ਨਹਾਉਂਦੇ ਹੋ ? ਕੌਮ ਹੈ ਤਾਂ ਤੁਹਾਡੀ ਇਜ਼ਤ ਹੈ, ਕੌਮ ਹੈ ਤਾਂ ਗੁਰੂ ਦਾ ਨਾਮ ਵੀ ਜ਼ਿੰਦਾ ਹੈ। ਕੁਪ ਰਹੀੜੇ ਦੇ ਘਲੂਘਾਰੇ ਪਿਛੋਂ ਥੋੜੇ ਸਿਖ ਜੋ ਬਚੇ ਸਨ, ਉਨ੍ਹਾਂ ਇਹ ਅਰਦਾਸ ਕੀਤੀ ਸੀ—

ਪੰਥ ਜੇ ਰਹਾ ਤੇਰਾ ਗ੍ਰੰਥ ਭੀ ਰਹਿਗੋ ਨਾਥ !
ਪੰਥ ਨਾ ਰਹਾ ਤੋ ਤੇਰਾ ਗ੍ਰੰਥ ਕੌਣ ਮਾਨੇਗੋ !

ਸੋ ਉਸ ਗ੍ਰੰਥ ਦੀ ਖਾਤਰ ਹੀ ਕੌਮ ਨੂੰ ਜੀਉਂਦਾ ਰਹਿਣ ਦਿਓ। ਤੁਹਾਡੀ ਦਸ਼ਾ ਵੇਖ ਕੇ ਹਰ ਸੂਝਵਾਨ ਮਨੁਖ ਅਜ ਵੀ ਇਹ ਕਹਿਣ ਲਈ ਮਜਬੂਰ ਹੋਵੇਗਾ ਕਿ "Is there any such thing as a farseeing Sikh ?" (ਕੀ ਸਿਖਾਂ ਵਿਚ ਕੋਈ ਦੂਰ ਦੀ ਸੋਚਣ ਵਾਲਾ ਬੰਦਾ ਵੀ ਹੋ ਸਕਦਾ ਹੈ ?)

ਸਾਨੂੰ ਗੈਰਾਂ ਉਤੇ ਕਾਹਦਾ ਹਿਰਖ ਰਹਿ ਜਾਂਦਾ ਹੈ, ਜੇ ਬੀਬੀਆਂ ਦਾੜ੍ਹੀਆਂ ਤੇ ਘੋਟਵੀਆਂ ਦਸਤਾਰਾਂ ਵਾਲੇ ਜਾੜੇ ਆਪਣੇ ਹੀ ਕੌਮ ਦਾ ਵਿਸਾਹਘਾਤ ਕਰਦੇ ਪਏ ਹੋਣ।

ਵਡੇ ਦੁਖ ਨਾਲ ਇਹ ਕਹਿਣਾ ਪੈਂਦਾ ਹੈ ਕਿ ਸਿਖ ਆਮ ਕਰਕੇ ਹੀ, ਕੀ ਪਰਾਇਆਂ ਅਤੇ ਕੀ ਆਪਣਿਆਂ ਦੇ ਵਿਸਾਹਘਾਤ ਦਾ ਸ਼ਿਕਾਰ ਹੁੰਦਾ ਰਿਹਾ ਹੈ। ਅਨੰਦਗੜ੍ਹ ਅੰਦਰ ਘਿਰੇ ਸਿਖ, ਪਹਾੜੀ ਰਾਜਿਆਂ ਦੀ ਭੇਜੀ ਆਟੇ ਦੀ ਗਊ ਦੀ ਸੁਗੰਧ ਤੋਂ ਵਿਸਾਹੇ ਗਏ ! ਸਾਹਿਬ ਜ਼ੋਰਾਵਰ ਸਿੰਘ ਤੇ ਸਾਹਿਬ ਫਤਹ ਸਿੰਘ ਦੀ ਸ਼ਹੀਦੀ ਗੰਗੂ ਬ੍ਰਾਹਮਣ ਦੇ ਵਿਸਾਹਘਾਤ ਦਾ ਸਿੱਟਾ ਸੀ, ਸਭਰਾਉਂ ਤੇ ਅੰਗ੍ਰੇਜ਼ ਵਿਰੁਧ ਲੜੀ ਲੜਾਈ ਵਿਚ

---

✲ਵੀ ਗਏ ਸਨ, ਪਰ ਅਸੀਂ ਵਰਤੇ ਭਾਣੇ ਨੂੰ ਸਤ ਮੰਨ ਕੇ, ਆਪਣੇ ਪੈਰਾਂ ਤੇ ਮੁੜ ਖੜੇ ਹੋਣ ਦੀ ਕੋਸ਼ਸ਼ ਕੀਤੀ, ਜਿਸ ਵਿਚ ਅਸੀਂ ਸਫਲ ਹੋਏ ਅਤੇ ਪਿਛਲੇ ਦੁਖ ਤੇ ਵਿਛੋੜੇ ਸਾਨੂੰ ਆਮ ਕਰਕੇ ਭੁਲ ਗਏ। ਵਾਹਿਗੁਰੂ ਦੀ ਐਸੀ ਲੀਲ੍ਹਾ ਹੈ ਕਿ ਸਮਾਂ ਆਪਣੇ ਆਪ ਹੀ ਜ਼ਖ਼ਮ ਭਰ ਦਿਆ ਕਰਦਾ ਹੈ। ਸਤਿਗੁਰੂ ਮਿਹਰ ਕਰਨਗੇ ਅਤੇ ਸਾਡੇ ੧੯੮੪ ਵ ਲੇ ਫਟ ਵੀ ਮਿਲ ਜਾਣਗੇ।

ਜੋ ਸਜਣ ਇਨ੍ਹਾਂ ਘਲੂਘਾਰਿਆਂ ਦੀ ਮਾਰ ਤੋਂ ਬਚੇ ਹੋਏ ਹਨ, ਉਹ ਪੰਜਾਬ ਵਿਚ ਹਨ ਜਾਂ ਪੰਜਾਬ ਤੋਂ ਬਾਹਰ, ਉਨ੍ਹਾਂ ਵਿਚੋਂ ਹਰ ਇਕ ਦਾ ਇਹ ਫ਼ਰਜ਼ ਬਣਦਾ ਹੈ ਕਿ ਆਪਣੇ ਆਪਣੇ ਵਿਤ ਅਨੁਸਾਰ ਪੀੜਤ ਭਰਾਵਾਂ ਦੀ ਮਦਦ ਕਰਨ। ਸਿਖ ਨੂੰ ਤਾਂ ਗੁੜ੍ਹਤੀ ਹੀ ਇਹ ਮਿਲੀ ਹੋਈ ਹੈ ਕਿ 'ਘਾਲਿ ਖਾਇ ਕਿਛੁ ਹਥਹੁ ਦੇਇ' (੧੨੪੫), ਪੀੜਤ ਭਰਾਵਾਂ ਦੇ ਦੁਖਾਂ ਨੂੰ ਜਾਤੀ ਅਤੇ ਜਮਾਤੀ ਤੌਰ ਤੇ ਜਿਤਨਾ ਭੀ ਹੌਲਾ ਕਰ ਸਕੀਏ, ਕਰੀਏ। ਇਹ ਅਸਾਡਾ ਇਨਸਾਨੀ ਫ਼ਰਜ਼ ਹੈ, ਜਿਸ ਨੂੰ ਪਛਾਨਣਾ ਤੇ ਉਸ ਤੇ ਅਮਲ ਕਰਨਾ ਹਰ ਇਕ ਲਈ ਬਣ ਆਉਂਦਾ ਹੈ।



www.AKJ.Org

ਬ੍ਰਾਹਮਣ ਸਿਖ ਜਰਨੈਲਾਂ ਤੇਜ ਸਿੰਘ ਅਤੇ ਲਾਲ ਸਿੰਘ ਦੇ ਵਿਸਾਹਘਾਤ ਕਾਰਨ ਸਿਖਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ, ੧੯੪੭ ਦੀ ਦੇਸ਼-ਵੰਡ ਦੇ ਵਕਤ ਇਕ ਸਿਖ ਸਰਦਾਰ ਦਾ ਵਿਸਾਹਘਾਤ ਸੀ, ਜਿਸ ਨੂੰ ਭਰੋਸੇ ਯੋਗ ਜਾਣਦੇ ਹੋਏ ਸਿਖ ਮੁਖੀਆਂ ਵਲੋਂ, ਸਿਖ ਸਟੇਟ ਸਥਾਪੇ ਜਾਣ ਦਾ ਮਸੌਦਾ ਮੁਸਲਮ ਲੀਡਰ ਮੁਹੰਮਦ ਅਲੀ ਜਿਨਹਾ ਪਾਸ ਪੁਚਾਣ ਲਈ ਦਿਤਾ ਗਿਆ ਸੀ, ਪਰੰਤੂ ਉਸ ਨੇ ਜਿਨਹਾ ਨੂੰ ਦੇਣ ਦੀ ਬਜਾਏ, ਇਹ ਪੰਡਤ ਜਵਾਹਰ ਲਾਲ ਨਹਿਰੂ ਨੂੰ ਜਾ ਦਿਤਾ, ਜਿਸ ਗੱਲ ਨੇ ਸਿਖਾਂ ਵਲੋਂ ਉਲੀਕੀ ਸਾਰੀ ਵਿਉਂਤ ਦੇ ਸਿਰ ਸੁਆਹ ਪਾ ਦਿਤੀ, ਜਿਸ ਦੇ ਵਿਸਾਹਘਾਤ ਨੇ ਨਹਿਰੂ ਜੀ ਨੂੰ ਚੌਕੰਨੇ ਕਰ ਦਿਤਾ। ਅਜ਼ਾਦ ਹਿੰਦ ਅੰਦਰ ਸਿਖਾਂ ਦੇ ਹੱਕ ਸੁਰੱਖਿਅਤ ਕੀਤੇ ਜਾਣ ਲਈ ਇੰਡੀਅਨ ਨੈਸ਼ਨਲ ਕਾਂਗਰਸ ਵਲੋਂ ਪਾਸ ਕੀਤੇ ਮਤੇ ਅਤੇ ਮਹਾਤਮਾ ਗਾਂਧੀ ਤੇ ਪੰਡਤ ਨਹਿਰੂ ਵਲੋਂ ਖਾਧੀਆਂ ਸਹੁੰਆਂ ਸੁਗੰਧਾਂ ਤੋਂ ਮੁਕਰ ਜਾਣ ਜੇਡਾ ਵਿਸਾਹਘਾਤ ਭੀ ਕੋਈ ਹੋਵੇਗਾ ?

ਫਿਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ੨ ਜੂਨ ੧੯੮੪ ਨੂੰ ਇਹ ਕਹਿਣਾ ਕਿ ਸਰਕਾਰ ਦਾ ਸ੍ਰੀ ਦਰਬਾਰ ਸਾਹਿਬ ਅੰਦਰ ਫ਼ੌਜ ਭੇਜਣ ਦਾ ਮੁਤਲਕ ਕੋਈ ਖ਼ਿਆਲ ਨਹੀਂ, ਪਰ ੩ ਜੂਨ ਨੂੰ ਫ਼ੌਜ ਬੁਲਾ ਲੈਣੀ ਅਤੇ ਹੋਰ ਨੁਕਸਾਨ ਤੋਂ ਇਲਾਵਾ ਹਜ਼ਾਰਾਂ ਨਿਰਦੋਸ਼ ਬੱਚਿਆਂ ਬੁਢਿਆਂ ਇਸਤ੍ਰੀਆਂ ਦਾ ੫ ਤੇ ੬ ਜੂਨ ਨੂੰ ਕਤਲਾਮ ਕਰ ਦੇਣਾ ਵਿਆਹਘਾਤ ਨਹੀਂ ਤਾਂ ਹੋਰ ਕੀ ਹੈ ?

ਜੂਨ ੧੯੮੪ ਤੋਂ ਲੈ ਕੇ ਬੀਤ ਸਾਲ ਭਰ ਅੰਦਰ ਸਿਖਾਂ ਨਾਲ ਜੋ ਬੀਤੀ ਹੈ, ਇਹ ਸਾਰਾ ਕੁਝ ਜਾਣਦੇ ਬੁਝਦੇ ਹੋਏ, ਜੇ ਅੱਜ ਭੀ ਸਿਖ ਲੀਡਰ ਆਪੋ ਆਪਣੀ ਡਫਲੀ ਵਜਾਉਂਦੇ ਹਨ, ਅਤੇ ਕੌਮ ਦੇ ਜਜ਼ਬਾਤ ਦੀ ਕਦਰ ਨਾ ਕਰਦੇ ਹੋਇ, ਕੌਮ ਨੂੰ ਵੇਚ ਖਾਣ ਦੇ ਰਾਹੇ ਪੈ ਗਏ ਹਨ ਤਾਂ ਸ਼ਾਹ ਮੁਹੰਮਦ ਦੇ ਕਹੇ ਹੋਏ ਇਹ ਸ਼ਬਦ ਅਜ ਵੀ ਉਨੇ ਹੀ ਠੀਕ ਸਾਬਤ ਹੋਣਗੇ ਜਿੰਨੇ ਇਹ ਲਿਖੇ ਜਾਣ ਸਮੇਂ ਸਨ—

ਸ਼ਾਹ ਮੁਹੰਮਦਾ ਇਕ ਸ੍ਰਕਾਰ ਬਾਝੋਂ ਫ਼ੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੇ।

[ਟ੍ਰੈਕਟ 'ਕਿਉਂ ਕੀਤੇ ਵੇਸਾਹੁ' ਦੇ ਅੰਤ ਚੋਂ

---

# ਦੋ ਰੁਬਾਈਆਂ

ਵਲੋਂ—ਗਿ: ਗੋਪਾਲ ਸਿੰਘ ਜੀ 'ਮਿੱਤਰ'

ਕਫ਼ਨ ਬੰਨ੍ਹ ਜੋ ਸਿਰਾਂ ਤੇ, ਕੌਮ ਲਈ ਕੁੱਦੇ ਅੰਗਾਰਾਂ ਤੇ।
ਪਝੜ ਜੋ ਲਿਆਏ, ਆਪ ਖ਼ੁਦ ਜੀਵਨ-ਬਹਾਰਾਂ ਤੇ।
ਸਦਾ ਜੀਂਦੇ ਨੇ ਉਹ 'ਮਿੱਤਰ', ਨ ਸਮਝ ਟੁਰ ਗਏ ਜਗ ਤੋਂ,
ਰਹਿਣਗੇ ਜਾਗਦੇ ਦੀਵੇ, ਸ਼ਹੀਦਾਂ ਦੇ ਮਜ਼ਾਰਾਂ ਤੇ।

ਬਣੇ ਰੌਸ਼ਨ ਸਿਤਾਰੇ ਓਹ, ਚਮਕਦੇ ਨੇ ਅਕਾਸ਼ਾਂ ਵਿਚ।
ਰਹੇ ਨੇ ਜੂਝਦੇ, ਜਦ ਤਕ, ਰਿਹਾ ਏ ਤਾਣ ਸੁਆਸਾਂ ਵਿਚ।
ਰਹੇ ਵਧਦੇ ਅਗਾਹਾਂ, ਕੌਮ ਲਈ ਸੀਨਾ ਸਿਪਰ ਹੋ ਕੇ;
ਉਨ੍ਹਾਂ ਦਾ ਪਿਆਰ, ਮਿਣਿਆ ਜਾਂ ਨਹੀਂ ਸਕਦਾ ਕਿਆਸਾਂ ਵਿਚ।



www.AKJ.Org

# ''ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ''

[ਵਲੋਂ—ਸੁਕਐਡਰਿਨ ਲੀਡਰ ਭਾਈ ਰਾਮ ਸਿੰਘ ਜੀ]

ਅਕਾਲ ਪੁਰਖ, ਆਪਣੇ ਕਲਾ-ਕ੍ਰਿਸ਼ਮੀ ਢੰਗ ਨਾਲ, ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿੱਚ ਅਵਤਰਿਆ ਅਤੇ ਦਸ ਜਾਮੇ ਧਾਰ ਕੇ, ਤਕਰੀਬਨ ੨੪੦ ਬਰਸ ਦਾ ਸਮਾ ਲਗਾ ਕੇ, ਉਸ ਨੇ ਕਲਜੁਗੀ ਜੀਵਾਂ ਦੇ ਉਧਾਰ ਲਈ, ਰਹਿੰਦੀ ਦੁਨੀਆ ਤੱਕ ਕਾਇਮ ਰਹਿਣ ਵਾਲਾ ਇੱਕ ਮੁਕੰਮਲ ਮਾਰਗ ਚਲਾਇਆ। ਇਸ ਮਾਰਗ ਦੇ ਪਾਂਧੀਆਂ ਨੂੰ 'ਸਿੱਖ' ਨਾਮ ਦਿੱਤਾ। ਦਸਵੇਂ ਜਾਮੇ ਵਿੱਚ, ਇਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ 'ਖਾਲਸਾ' ਨਾਮ ਬਖਸ਼ਿਆ। ਅਤੇ ਐਲਾਨੀਆ ਕਿਹਾ—''ਖਾਲਸਾ ਮੇਰੋ ਰੂਪ ਹੈ ਖਾਸ।''

ਅਕਾਲ ਪੁਰਖ ਨੇ ਆਪਣੇ ਧੁਰ-ਧੁਰੰਦਰੀ ਪ੍ਰੋਗਰਾਮ ਅਨੁਸਾਰ, ਇਸ ਖਾਸ-ਰੂਪ ਵਾਲੇ ਖਾਲਸਾ ਜੀ ਦੀ ਦਾਇਮੀ ਅਗਵਾਈ ਵਾਸਤੇ, ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਉੱਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ, ਧੁਰੋਂ ਅਵਤਰੀ 'ਗੁਪਤੀ ਬਾਣੀ' ਨੂੰ ਪਰਗਟ ਕਰਕੇ ਸਸ਼ੋਭਤ ਕੀਤਾ (ਗੁਪਤੀ ਬਾਣੀ ਪਰਗਟੁ ਹੋਇ ੯੪੪) ਅਤੇ ਖਾਲਸੇ ਨੂੰ ਗੁਰਬਾਣੀ ਅਨੁਸਾਰੀ ਹੋ ਕੇ ਚੱਲਣ ਦਾ ਹੁਕਮ ਦਿੱਤਾ (ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ—੯੮੨)

ਖਾਲਸੇ ਦੇ ਪਹਿਰਾਵੇ ਅਤੇ ਰਹਿਣ ਸਹਿਣ ਦੇ ਢੰਗ ਨੂੰ 'ਰਹਿਤ' ਕਿਹਾ। ਭਾਈ ਦੇਸਾ ਸਿੰਘ ਦੇ ਰਹਿਤਨਾਮੇ ਮੁਤਾਬਿਕ, ਕਲਗੀਧਰ ਪਾਤਸ਼ਾਹ ਜੀ ਨੇ 'ਰਹਿਤ ਪਿਆਰੀ ਮੁਝ ਕੋ' ਇਸ ਲਈ ਕਹਿਆ ਪ੍ਰਤੀਤ ਹੁੰਦਾ ਹੈ, ਕਿਉਂਕਿ ਗੁਰੂ ਨਾਨਕ ਸਾਹਿਬ ਜੀ ਨੇ ਇਹ ਸੱਚੀ ਰਹਿਤ ਦਸ ਜਾਮੇ ਧਾਰ ਕੇ ਤਿਆਰ ਕੀਤੀ, ਅਤੇ ਰਹਿੰਦੀ ਦੁਨੀਆ ਤੱਕ ਇਸ ਰਹਿਤ ਨੂੰ ਸਮੂਹ ਸੰਸਾਰੀਆਂ ਦੇ ਪਾਰ ਉਤਾਰੇ ਦਾ ਸਾਧਨ ਮਿਥਿਆ। ਸਿਖੀ ਰਹਿਤ ਦੇ ਮੋਟੇ ਪੱਖ ਇਹ ਹਨ :—

ੳ) **ਸਰੀਰਕ ਰਹਿਤ** : ਪੰਜ ਕਕਾਰਾਂ ਦਾ ਪਹਿਨਣਾ। ਇਸ ਰਹਿਤ ਵਿੱਚ ਢਿਲਿਆਈ ਵਰਤਣ ਵਾਲੇ ਨੂੰ ਤਨਖਾਹੀਆ ਕਿਹਾ ਜਾਂਦਾ ਹੈ। ਅਜਿਹੀ ਭੁੱਲ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਹੀ ਬਖਸ਼ਵਾਈ ਜਾਂਦੀ ਹੈ।

ਅ) ਵਿਵਹਾਰਕ ਰਹਿਤ :

(i) **ਰੋਟੀ ਬੇਟੀ ਦੀ ਸਾਂਝ** : ਨੜੀਮਾਰ, ਕੁੜੀਮਾਰ; ਸਿਰ-ਗੁੰਮ, ਸ਼ਰਾਬੀ-ਕਬਾਬੀ ਵਿਭਚਾਰੀ, ਰਾਮ ਰਾਈਏ, ਧੀਰ ਮਲੀਏ, ਪ੍ਰਿਥੀ ਚੰਦੀਏ, ਨਰਕ ਧਾਰੀਏ ਆਦਿ ਨਾਲ ਰੋਟੀ ਬੇਟੀ ਦੀ ਸਾਂਝ ਬਿਬਰਜਤ ਹੈ। ਉਪਰ ਦਰਸਾਈਆਂ ਸ਼ਰੇਣੀਆਂ ਨੂੰ ਵੇਦੀਨਾਂ ਕੀ ਸ਼ਰੇਣੀ ਕਹਿਆ ਜਾਂਦਾ ਹੈ, ਕਿਉਂਕਿ ਅਜਿਹੇ ਲੋਕ ਸਿਖ ਧਰਮ ਤੋਂ ਖਾਰਜ ਹਨ : ਯਥਾ ''ਵੇਦੀਨਾ ਕੀ ਦੋਸਤੀ ਵੇਦੀਨ ਕਾ ਖਾਣੁ ॥ ਸਿਫਤੀ ਸਾਰ ਨ ਜਾਣਨੀ ਸਦਾ ਵਸੇ ਸੈਤਾਨੁ ॥'' (੭੯੦), ਅਜਿਹੇ ਲੋਕਾਂ ਨਾਲ ਰੋਟੀ-ਬੇਟੀ ਦੀ ਸਾਂਝ ਕਰਨ ਨਾਲ ਨਾਮ ਦੀ ਸਾਰ ਭੁੱਲ ਜਾਂਦੀ ਹੈ ਅਤੇ ਸਰੀਰ ਪੰਜਾਂ ਸ਼ੈਤਾਨਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਅਧੀਨ ਹੋ ਤੁਰਦਾ ਹੈ।—ਇਹ ਅੱਤੀ ਘਾਟੇਵੰਦ ਸੌਦਾ ਹੈ।

(ii) **ਕਿਰਤ**:—ਗੁਰਸਿਖ ਨੂੰ ਧਰਮ ਦੀ ਕਿਰਤ ਕਰਕੇ ਵੰਡ ਛਕਣ ਦਾ ਹੁਕਮ ਹੈ। ਯਥਾ: ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ।'' (੧੨੪੫)। ਜੇ ਸਿਖ ਧਰਮ ਦੀ ਕਿਰਤ ਨਹੀਂ ਕਰਦਾ; ਜਾਂ ਧਰਮ ਦੀ ਕਿਰਤ ਨੂੰ ਵੰਡ ਕੇ ਨਹੀਂ ਛਕਦਾ, ਤਾਂ ਉਸਨੂੰ ਸਿਖੀ ਰਾਹ (ਮਾਰਗ) ਦੀ ਪਹਿਚਾਨ ਭੁੱਲ ਜਾਏਗੀ ਅਤੇ ਉਹ ਕਿਸੇ ਹੋਰ ਕੁ-ਮਾਰਗ ਦਾ ਪਾਂਧੀ ਹੋ ਨਿਬੜੇਗਾ। ਇਸ ਤਰ੍ਹਾਂ ਸਿੱਖੀ ਨੂੰ ਹੱਥੋਂ ਗੰਵਾ ਬੈਠੇਗਾ। ਪੁਰਾਤਨ ਮਰਯਾਦਾ ਕਮ ਈ ਵਿਚੋਂ ਦਸਵੰਧ ਕੱਢਣ ਦੀ ਹੈ।

ੲ) **ਆਤਮਕ ਰਹਿਤ** : ਇਸ਼ਨਾਨ ਕਰਕੇ ਪੂਰਨ ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ (ਇਸ ਵਿਚ ਨਾਮ ਸਿਮਰਨ ਅਤੇ ਨਿੱਤ ਨੇਮ ਦਾ ਪਾਠ ਸ਼ਾਮਲ ਹਨ)। ਇਹ ਰਹਿਤ ''ਗੁਰ ਸਤਿਗੁਰ ਕਾ ਜੋ ਸਿਖੁ ਅਖਾਏ'' (੩੦੫) ਵਾਲੇ ਸ਼ਬਦ ਵਿਚ ਵਿਸਥਾਰ ਸਹਿਤ ਅੰਕਤ ਹੈ। ਹਰ ਲਮ੍ਹਾ, ਹਰ ਦਮ ਨਾਮ ਜਪਣ ਦਾ ਹੁਕਮ ਹੈ।

ਗੁਰੂ ਸਾਹਿਬ ਜੀ ਦਾ 'ਰਹਿਤ ਪਿਆਰੀ ਮੁਝ ਕੋ' ਕਹਿਣਾ ਤਾਂ ਸਾਡੀ ਸਮਝ ਵਿਚ ਆ ਜਾਂਦਾ ਹੈ, ਪਰ 'ਸਿਖ



www.AKJ.Org

ਪਿਆਰਾ ਨਾਹਿ' ਬਾਰੇ ਕੁਝ ਸੋਚਣ ਦੀ ਲੋੜ ਹੈ। ਸਿਖ ਨੇ ਹੀ ਤਾਂ ਗੁਰੂ ਸਾਹਿਬ ਜੀ ਦੀ ਬਖਸ਼ੀ ਰਹਿਤ ਨੂੰ ਧਾਰਨਾ ਹੈ। ਜੇ ਗੁਰੂ ਸਾਹਿਬ ਜੀ ਨੂੰ ਸਿਖ ਹੀ ਪਿਆਰਾ ਨਹੀਂ ਤਾ ਕਿਸੇ ਨੂੰ ਕੀ ਲੋੜ ਪਈ ਹੈ ਐਵੇਂ ਸਿਖ ਬਣਨ ਦੀ ? ਜੇ ਕੋਈ ਸਿਖ ਹੀ ਨਹੀਂ ਬਣੇਗਾ ਤਾਂ ਗੁਰੂ ਸਾਹਿਬ ਜੀ ਦੀ ਰਹਿਤ ਨੂੰ ਕੌਣ ਜਾਣੇਗਾ ? ਰਹਿਤ ਦੀ ਮਹੱਤਤਾ ਤਾਂ ਸਿਖ ਨੇ ਹੀ ਦਰਸਾਉਣੀ ਹੈ। ਸਿਖ ਗੁਰੂ ਸਾਹਿਬ ਜੀ ਦੀ ਢਾਈ ਸੌ ਸਾਲ ਦੀ ਮਿਹਨਤ ਦਾ ਸਿੱਟਾ ਹੈ। ਅਤੇ ਰੱਬ-ਦਰਸਾਈ-ਰਹਿਤ ਨੂੰ ਪਰਗਟ ਕਰਨ ਦਾ ਕੇਵਲ ਜ਼ਰੀਆ ਹੈ। ਤਾਂ ਫਿਰ, ਇਹ ਗੁਰੂ ਜੀ ਨੂੰ ਪਿਆਰਾ ਕਿਵੇਂ ਨਾ ਹੋਇਆ ? ਸਿੱਖ ਗੁਰੂ ਜੀ ਨੂੰ ਜ਼ਰੂਰ ਪਿਆਰਾ ਹੋਏਗਾ ਅਤੇ ਬਹੁਤ ਪਿਆਰਾ ਹੋਏਗਾ ਇਹ ਖਿਆਲ ਕਾਬਲੇ ਯਕੀਨ ਹੈ ਅਤੇ ਬੜਾ ਪੁਖ਼ਤਾ ਹੈ।

ਗੁਰਸਿਖ ਸੰਬੰਧੀ ਗੁਰਬਾਣੀ ਕਹਿੰਦੀ ਹੈ "ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ।" (੭੨੫)। ਵੇਖਿਆ ? ਇਸ ਤੁਕ ਵਿੱਚ ਗੁਰਸਿਖ ਨੂੰ ਗੁਰੂ ਕਾ ਪਿਆਰਾ ਕਹਿਆ ਹੈ। ਹੋਰ ਵੇਖੋ: "ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ" (੧੪੨੬)। ਇਸ ਤੁਕ ਰਾਹੀਂ ਗੁਰਸਿਖਾਂ ਦੀ ਚਰਨ ਧੂੜੀ ਵਿਚ, ਆਮ ਲੁਕਾਈ ਦੇ ਪਾਪਾਂ ਨੂੰ ਦਗਧ ਕਰ ਦੇਣ ਦੀ, ਸ਼ਕਤੀ ਦਰਸਾਈ ਗਈ ਹੈ। ਜੇ ਗੁਰਸਿੱਖ ਦੀ ਚਰਨ ਧੂੜ ਵਿਚ ਇਤਨੀ ਸ਼ਕਤੀ ਹੈ ਤਾਂ ਫਿਰ ਗੁਰਸਿੱਖ ਦੀ ਆਪਣੀ ਕਦਰੋ ਕੀਮਤ ਦਾ ਅੰਦਾਜ਼ਾ ਗੁਰੂ ਸਾਹਿਬ ਜੀ ਤੋਂ ਬਿਨਾਂ ਹੋਰ ਕੌਣ ਲਗਾ ਸਕਦਾ ਹੈ ? ਅਸੀਂ ਕੁਝ ਕੁ ਅਨੁਮਾਨ ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਤੋਂ ਲਗਾ ਸਕਦੇ ਹਾਂ :—

> ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥.. ...
> ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥.....
> ਸਤਿਗੁਰੁ ਸਿਖ ਕੇ ਬੰਧਨ ਕਾਟੈ ॥......
> ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥
> ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
> ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥੧੮॥ (੨੮੬)

ਇਨ੍ਹਾਂ ਤੁਕਾਂ ਤੋਂ ਸਪਸ਼ਟ ਹੈ ਕਿ ਸਿੱਖ ਤਾਂ ਗੁਰੂ ਸਾਹਿਬ ਜੀ ਨੂੰ ਬਹੁਤ ਪਿਆਰਾ ਹੈ। ਇਸ ਪਿਆਰ ਦੇ ਸਿਰ ਸਦਕੇ ਹੀ ('ਹਰਿ ਦਰਗਹਿ ਗੁਰਸਿਖ ਪੈਨਾਈਅਹਿ'-੪੫੧) ਹਰੀ ਦੀ ਦਰਗਾਹ ਵਿਚ ਕੇਵਲ ਗੁਰਸਿਖਾਂ ਨੂੰ ਹੀ ਉਚ ਕੋਟੀ ਦਾ ਮਾਣ ਪ੍ਰਾਪਤ ਹੁੰਦਾ ਹੈ।

ਗੁਰਸਿੱਖੀ ਦੀ ਮੁਢਲੀ ਰਹਿਤ ਦੀ ਝਲਕ, ਗੁਰਸਿਖ ਦੇ ਪੰਜ ਕਕਾਰੀ ਪਹਿਰਾਵੇ ਤੋਂ ਪੈਂਦੀ ਹੈ। ਇਸ ਰਹਿਤ ਦੀ ਮਹੱਤਤਾ ਜਾਨਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਸਿੱਖੀ ਦੀ ਦਾਤ ਪ੍ਰਾਪਤ ਕਰਨ ਲਈ, ਕਲਗੀਧਰ ਪਾਤਸ਼ਾਹ ਜੀ ਦਾ ਖੰਡੇ ਦਾ ਅੰਮ੍ਰਿਤ ਛਕਣਾ ਪੈਂਦਾ ਹੈ। ਪੰਜ ਕਕਾਰ ਧਾਰਨ ਕੀਤੇ ਬਿਨਾਂ ਅੰਮ੍ਰਿਤ ਪ੍ਰਾਪਤ ਨਹੀਂ ਹੁੰਦਾ। ਅੰਮ੍ਰਿਤ ਛਕਣ ਤੋਂ ਪਹਿਲਾਂ ਪੰਜ ਕਕਾਰੀ ਰਹਿਤ ਨੂੰ, ਕੇਸਾਂ ਸਵਾਸਾਂ ਨਾਲ ਓੜ ਨਿਭਾਉਣ ਦਾ ਪ੍ਰਣ ਕੀਤਾ ਜਾਂਦਾ ਹੈ। ਇਹ ਕਕਾਰ ਗੁਰਸਿਖ ਦੇ ਸਰੀਰ ਦੇ ਅੰਗ ਸਮਝੇ ਜਾਂਦੇ ਹਨ। ਤਾਹੀਓਂ ਹੀ ਅਕਾਲ ਚਲਾਣੇ ਮਗਰੋਂ ਗੁਰਸਿਖ ਦੇ ਸਮੁੱਚੇ ਸਰੀਰ ਦਾ (ਪੰਜਾਂ ਕਕਾਰਾਂ ਸਹਿਤ) ਸਸਕਾਰ ਕੀਤਾ ਜਾਂਦਾ ਹੈ। ਇਨ੍ਹਾਂ ਕਕਾਰਾਂ ਕਰਕੇ ਹੀ ਗੁਰਸਿਖ ਦੇ ਦਰਸ਼ਨਾਂ ਵਿਚ ਕਲਗੀਧਰ ਪਾਤਸ਼ਾਹ ਜੀ ਦੇ 'ਖਾਸ ਰੂਪ' ਦੇ ਦਰਸ਼ਨਾਂ ਦੀ ਝਲਕ ਹੁੰਦੀ ਹੈ।

ਜੇਹੜੇ ਪ੍ਰਾਣੀ ਲੋਕ-ਦਿਖਾਵੇ ਲਈ, ਘਰੋਂ ਬਾਹਰ ਨਿਕਲਣ ਲੱਗੇ ਪੰਜ ਕਰਾਰ ਪਹਿਨ ਲੈਂਦੇ ਹਨ, ਜਾਂ ਬਿਨਾਂ ਅੰਮ੍ਰਿਤ ਛਕਿਆਂ ਹੀ ਪੰਜ ਕਕਾਰ ਪਹਿਨੀ ਫਿਰਦੇ ਹਨ, ਉਨ੍ਹਾਂ ਦੇ ਪਹਿਨੇ ਹੋਏ ਕਕਾਰ, 'ਰਹਿਤ' ਵਿਚ ਸ਼ਾਮਲ ਨਹੀਂ ਹਨ। ਉਹ ਕੇਵਲ ਪੰਜ ਚੀਜ਼ਾਂ ਹਨ, ਪੰਜ ਕਕਾਰ ਨਹੀਂ ਹਨ। ਗੁਰੂ ਸਾਹਿਬ ਜੀ ਨੂੰ ਪੰਜ ਚੀਜ਼ਾਂ ਪਿਆਰੀਆਂ ਨਹੀਂ ਹਨ, ਉਨ੍ਹਾਂ ਨੂੰ ਤਾਂ ਪੰਜ ਕਕਾਰ ਪਿਆਰੇ ਹਨ। ਅਤੇ ਪੰਜ ਕਕਾਰ, ਕੇਵਲ ਗੁਰੂ ਸਾਹਿਬ ਜੀ ਹੀ ਅੰਮ੍ਰਿਤ ਛਕਾਉਣ ਸਮੇਂ ਬਖਸ਼ਦੇ ਹਨ। 'ਰਹਿਤ' ਦਾ ਭਾਵ ਹੈ ਰਹਿਣਾ ਅਤੇ ਰਹੀ ਜਾਣਾ (ਇਸ ਤੋਂ ਬਿਨਾਂ ਰਹਿਆ ਹੀ ਨਹੀਂ ਜਾ ਸਕੀਦਾ)। ਗੁਰੂ ਸਾਹਿਬ ਜੀ ਨੇ ਇਹ ਰਹਿਤ, ਰੱਖਣ ਲਈ ਬਖਸ਼ੀ ਹੈ, ਉਤਾਰ ਕੇ ਪਾਸੇ ਧਰ ਦੇਣ


www.AKJ.Org

ਲਈ ਨਹੀਂ। ਟਰੰਕ ਵਿਚ ਰੱਖੇ ਹੋਏ ਜਾਂ ਕਿੱਲੀ ਉਤੇ ਟੰਗੇ ਹੋਏ ਕਕਾਰ ਰਹਿਤ ਵਿਚ ਸ਼ਾਮਲ ਨਹੀਂ ਹਨ। ਕਿੱਲੀਆਂ ਅਤੇ ਟਰੰਕ ਰਹਿਤ ਰੱਖਣ ਲਈ ਨਹੀਂ ਬਣਾਏ ਗਏ। ਅੰਮ੍ਰਿਤ ਸਰੀਰ ਨੇ ਛਕਿਆ ਸੀ, ਰਹਿਤ ਸਰੀਰ ਨੇ ਧਾਰਨ ਕੀਤੀ ਸੀ, ਇਸ ਲਈ ਰਹਿਤ ਸਰੀਰ ਨੇ ਹੀ ਧਾਰੀ ਰੱਖਣੀ ਹੈ ਅਤੇ ਇਸ ਦੇ ਨਾਲ ਹੀ ਓੜ ਨਿਭਣੀ ਹੈ।

ਰਹਿਤ-ਨਾਮੇ ਮੁਤਾਬਿਕ, ਗੁਰੂ ਜੀ ਨੇ ਇੰਜ ਭੀ ਕਹਿਆ ਦੱਸੀਦਾ ਹੈ ਕਿ, "**ਰਹਿਣੀ ਰਹੈ ਸੋਈ ਸਿਖ ਮੇਰਾ, ਉਹ ਸਾਹਿਬ ਮੈਂ ਉਸ ਕਾ ਚੇਰਾ**"। ਇਸ ਤੋਂ ਸਪੱਸ਼ਟ ਹੈ ਕਿ, ਰਹਿਤ ਰਹਿਣੀ ਵਾਲਾ ਸਿਖ ਹੀ ਗੁਰੂ ਸਾਹਿਬ ਜੀ ਨੂੰ ਪਿਆਰਾ ਹੈ। ਤਾਂ ਫਿਰ ਗੁਰੂ ਸਾਹਿਬ ਜੀ ਦੇ "**ਸਿਖ ਪਿਆਰਾ ਨਾਂਹਿ**" ਵਾਲੇ ਬਚਨ ਦਾ ਇਸ਼ਾਰਾ ਉਸ ਢਿੱਲੇ ਸਿੱਖ ਵਲ ਹੀ ਕੀਤਾ ਗਿਆ ਪ੍ਰਤੀਤ ਹੁੰਦਾ ਹੈ ਜਿਹੜਾ ਕਿਸੇ ਡਰ, ਧਮਕੀ, ਲਾਲਚ ਜਾਂ ਕਿਸੇ ਦੁਨਿਆਵੀ ਸੁੱਖ ਨੂੰ ਮੁੱਖ ਰੱਖ ਕੇ, ਸਿੱਖੀ ਰਹਿਤ ਨੂੰ ਛੱਡਣ ਲਈ ਤਿਆਰ ਹੈ ਅਤੇ ਜਾਂ ਛੱਡ ਹੀ ਖੜੋਤਾ ਹੈ। ਜੇ ਸਿਖ ਗੁਰੂ ਜੀ ਦੀ ਰਹਿਤ ਛੱਡ ਦੇਂਦਾ ਹੈ ਤਾਂ ਗੁਰੂ ਜੀ ਭੀ ਉਸ ਸਿਖ ਦੀ ਬਾਂਹ ਛੱਡ ਦੇਂਦੇ ਹਨ। ਸਿਖੀ ਰਹਿਤ ਨੂੰ ਤਿਆਗਣਾ, ਗੁਰੂ ਜੀ ਨੂੰ ਅੰਮ੍ਰਿਤ ਛਕਣ ਸਮੇਂ ਦਿਤੇ ਬਚਨ ਤੋਂ ਮੂੰਹ ਫੇਰਨਾ ਹੈ। ਕਿਸੇ ਕਕਾਰ ਨੂੰ ਉਤਾਰ ਧਰਨਾ ਭੀ ਗੁਰੂ ਜੀ ਵਲੋਂ ਮੂੰਹ ਫੇਰਨ ਵਾਲੀ ਗੱਲ ਹੈ।

ਰਹਿਤ ਵਿਚ ਢਿੱਲੇ ਅੰਮ੍ਰਿਤਧਾਰੀ ਆਪਣੇ ਲਈ ਤਾਂ ਹਾਨੀਕਾਰਕ ਹੁੰਦੇ ਹੀ ਹਨ, ਉਨ੍ਹਾਂ ਦੀ ਢਿਲਿਆਈ ਦਾ ਮਾਰੂ ਅਸਰ ਉਨ੍ਹਾਂ ਦੇ ਸੰਗੀਆਂ ਸਾਥੀਆਂ ਤੇ ਭੀ ਪੈਂਦਾ ਹੈ। ਯਥਾ :—"ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ" (੧੩੬੯) ਢਿੱਲਿਆਂ ਦੀ ਸੰਗਤਿ ਤੋਂ ਢਿਲਿਆਈ ਹੀ ਪੱਲੇ ਪੈਂਦੀ ਹੈ। ਪਰ ਇਹ ਭੀ ਦੇਖਣ ਵਿਚ ਆਇਆ ਹੈ ਕਿ ਕਈ, ਰਹਿਤ ਵਿਚ ਢਿੱਲੇ ਅੰਮ੍ਰਿਤਧਾਰੀ, ਜਾਂ ਮੂਲੋਂ ਹੀ ਪਤਿਤ ਹੋ ਚੁਕੇ ਵਿਅਕਤੀ ਇਸ ਦੁਨੀਆ ਵਿਚ ਕਾਫੀ ਸੁਖੀ ਤੇ ਸੌਖੇ ਦਿਸਦੇ, ਰਸੂਖ ਵਾਲੇ ਮਾਲਦਾਰ ਅਤੇ ਇੱਜ਼ਤਦਾਰ ਹਨ। ਇਨ੍ਹਾਂ ਦੀ ਸਰਕਾਰੇ ਦਰਬਾਰੇ ਭੀ ਬਹੁਤ ਸੁਣੀਦੀ ਹੈ। ਲੋਕ ਇਨ੍ਹਾਂ ਪਾਸੋਂ ਸਿਫ਼ਾਰਸ਼ਾਂ ਕਰਾਉਣ ਲਈ ਇਨ੍ਹਾਂ ਦੇ ਅੱਗੇ ਪਿਛੇ ਫਿਰਦੇ ਹਨ। ਅਜਿਹੇ ਢਿੱਲੜ, ਤੱਤ ਸਿੱਖੀ ਨੂੰ ਟਿੱਚਰਾਂ ਕਰਦੇ ਭੀ ਸੁਣੀਦੇ ਹਨ। ਐਸਾ ਕਿਉਂ ?

ਗੁਰੂ ਸਾਹਿਬ ਜੀ ਭੀ ਅਜਿਹਿਆਂ ਪ੍ਰਾਣੀਆਂ ਦੀ ਹੋਂਦ ਨੂੰ ਮੰਨਦੇ ਹਨ। ਪਰ ਨਾਲ ਹੀ ਉਨ੍ਹਾਂ ਦੇ ਭਵਿਖ ਬਾਰੇ ਭੀ ਫੁਰਮਾਉਂਦੇ ਹਨ : "ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ.. (੧੩੩੪)" ਭਾਵ ਕਿ, ਜੇ ਕੋਈ ਅੰਮ੍ਰਿਤਧਾਰੀ ਸਿੱਖ ਗੁਰ-ਦਰਸਾਈ ਰਹਿਤ ਨੂੰ, ਤਿਆਗ ਕੇ, ਗੁਰੂ ਜੀ ਦੇ ਹੁਕਮਾਂ ਦੀ ਪਰਵਾਹ ਨਾ ਕਰਦਾ ਹੋਇਆ, ਆਪਣੀ ਵਿਦਿਆ, ਅਕਲ, ਰਸੂਖ ਜਾਂ ਮੇਹਨਤ ਦੇ ਸਿਰ ਤੇ ਕਾਫ਼ੀ ਧਨ ਦੌਲਤ ਇਕੱਠੀ ਕਰ ਲੈਂਦਾ ਹੈ ਜਾਂ ਸਰਕਾਰੇ ਦਰਬਾਰੇ ਉੱਚੀ ਪਦਵੀ ਪ੍ਰਾਪਤ ਕਰ ਲੈਂਦਾ ਹੈ, ਅਤੇ (ਦੁਨੀਆ ਦੇ ਪੱਖੋਂ) ਬੜੇ ਚੰਗੇ ਚੰਗੇ ਕੰਮ ਕਰ ਕੇ ਲੋਕਾਂ ਦੀ ਵਾਹ ਵਾਹ ਭੀ ਹਾਸਲ ਕਰ ਲੈਂਦਾ ਹੈ, ਇਹ ਸਭ ਕੁਝ ਕਰਦਾ ਹੋਇਆ ਉਹ ਨਰਕਾਂ ਦਾ ਹੀ ਅਧਿਕਾਰੀ ਹੈ।

ਕਲਗੀਧਰ ਪਾਤਸ਼ਾਹ ਜੀ ਦੇ ਸਮੇਂ ਤੋਂ ਹੀ ਇਹ ਮਰਯਾਦਾ ਚਲੀ ਆ ਰਹੀ ਹੈ ਕਿ, ਇਸ਼ਨਾਨ ਉਪਰੰਤ ਗਿੱਲੇ ਕਛਹਿਰੇ ਦਾ ਇਕ ਪੌਂਚਾ ਉਤਾਰ ਕੇ, ਸੁੱਕੇ ਕਛਹਿਰੇ ਦਾ ਇੱਕ ਪੌਂਚਾ ਪਹਿਨ ਲਿਆ ਜਾਂਦਾ ਹੈ, ਫਿਰ ਗਿੱਲੇ ਕਛਹਿਰੇ ਵਿਚੋਂ ਦੂਸਰਾ ਪੈਰ ਬਾਹਰ ਕੱਢਿਆ ਜਾਂਦਾ ਹੈ। ਇਸ ਮਰਯਾਦਾ ਤੋਂ ਇਹ ਅਗਵਾਈ ਮਿਲਦੀ ਹੈ ਕਿ ਸਭ ਕਕਾਰਾਂ ਦਾ ਸਰੀਰ ਨਾਲ ਅਨਿਖੜਵਾਂ ਸੰਬੰਧ ਹੈ। ਕਿਸੇ ਕਕਾਰ ਤੋਂ ਵਾਂਝਾ, ਸਰੀਰ, ਅਧੂਰਾ ਹੈ। ਕਿਸੇ ਕਕਾਰ ਦਾ ਜ਼ਬਰਦਸਤੀ ਖੁਸ ਜਾਣਾ ਜਾਂ ਅਚਾਨਕ ਸਰੀਰ ਤੋਂ ਅਲੱਗ ਹੋ ਜਾਣਾ ਹੋਰ ਗੱਲ ਹੈ। ਕਕਾਰ ਨੂੰ ਆਪਣੀ ਮਰਜ਼ੀ ਨਾਲ ਉਤਾਰ ਧਰਨਾ ਹੋਰ ਗੱਲ ਹੈ ਅਤੇ ਬਿਬਰਜਤ ਹੈ। ਪੰਜ ਕਕਾਰੀ ਰਹਿਤ ਦੀ ਢਿੱਲਤਾ ਵਿਚ ਅਜਿਹੇ ਗੁਰਸਿਖ ਭੀ ਸ਼ਾਮਲ ਹਨ ਜਿਹੜੇ ਕਿਸੇ ਵਿਅਕਤੀ ਨੂੰ ਮਿਲਣ ਗਏ ਉਸ ਵਿਅਕਤੀ ਦੇ ਸੀਕਿਉਰਿਟੀ ਸਟਾਫ ਦੇ ਕਹੇ, ਆਪਣੀ ਕਿਰਪਾਨ ਗਲੋਂ ਉਤਾਰ ਕੇ ਸੀਕਿਉਰਿਟੀ ਸਟਾਫ ਦੇ ਹਵਾਲੇ ਕਰ ਦੇਂਦੇ ਹਨ, ਜਾਂ ਹਵਾਈ ਜਹਾਜ਼ ਉਤੇ ਸਵਾਰ ਹੋਣ ਤੋਂ ਪਹਿਲਾਂ ਆਪਣੀ ਕਿਰਪਾਨ ਉਤਾਰ ਕੇ ਹਵਾਈ ਜਹਾਜ਼ ਦੇ ਅਮਲੇ ਨੂੰ ਫੜਾ ਦੇਂਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਕਿਰਪਾਨ ਤੋਂ ਬਿਨਾਂ ਸਿੱਖੀ ਪ੍ਰਾਪਤ ਨਹੀਂ ਸੀ ਹੋ ਸਕਦੀ (ਅੰਮ੍ਰਿਤ ਦੀ ਦਾਤ ਪ੍ਰਾਪਤ ਨਹੀਂ


www.AKJ.Org

ਸੀ ਹੋ ਸਕਦੀ) ਤਾਂ ਕਿਰਪਾਨ-ਹੀਣ ਹੋ ਕੇ ਸਿੱਖੀ ਰਹਿ ਕਿਵੇਂ ਸਕਦੀ ਹੈ ? ਦੂਜੇ ਇਹ ਵੀ ਗੱਲ ਹੈ ਕਿ **ਅਜਿਹੇ ਕਰਤੱਵ ਰਾਹੀਂ ਕਲਗੀਧਰ ਪਾਤਸ਼ਾਹ ਜੀ ਦੇ 'ਕਿਰਪਾਨ-ਪਹਿਨੀ-ਰੱਖਣ' ਦੇ ਹੁਕਮ ਨੂੰ ਛੁਟਿਆਇਆ ਜਾਂਦਾ ਹੈ ਅਤੇ ਕੂੜੀ ਦੁਨੀਆ ਦੇ ਕੂੜਾਵੇ ਵਿਅਕਤੀ ਦੇ 'ਕਿਰਪਾਨ-ਉਤਾਰ-ਦੇਣ' ਦੇ ਹੁਕਮ ਨੂੰ ਤਰਜੀਹ ਦੇ ਕੇ ਮੰਨਿਆ ਜਾਂਦਾ ਹੈ।** ਅਜਿਹਾ ਕਰਨਾ ਗੁਰੂ ਦੇ ਸਿੱਖ ਦਾ ਕਰਤੱਵ ਨਹੀਂ ਹੈ।

ਰਹਿਤ ਕੋਈ ਸਹੂਲਤ (Convenience) ਨਹੀਂ ਹੈ ਕਿ ਜਦੋਂ ਜੀਅ ਕੀਤਾ ਰੱਖ ਲਈ ਅਤੇ ਜਦੋਂ ਜੀਅ ਕੀਤਾ ਉਤਾਰ ਧਰੀ। ਗੁਰੂ ਕੀ ਰਹਿਤ ਕਰਕੇ ਹੀ ਤਾਂ ਅਸੀਂ ਗੁਰੂ ਕੇ ਸਿੱਖ ਹਾਂ। ਜੇ ਰਹਿਤ ਨਹੀਂ ਤਾਂ ਅਸੀਂ ਸਿੱਖ ਕਿਸ ਦੇ ਹੋਏ ?

(ਕਿਸੇ ਕਕਾਰ ਨੂੰ ਸਰੀਰ ਤੋਂ ਉਤਾਰ ਧਰਨਾ 'ਕਰਾਰਾਂ-ਨੂੰ-ਹਮੇਸ਼ਾ-ਲਈ-ਸਰੀਰ-ਉਤੇ-ਧਾਰੀ-ਰੱਖਣ' ਵਾਲੇ ਗੁਰ-ਹੁਕਮ ਦੀ ਸਪੱਸ਼ਟ ਉਲੰਘਣਾ ਹੈ।)

ਸੋਚਣ ਵਾਲੀ ਗੱਲ ਇਹ ਹੈ ਕਿ, ਜੇ ਅੱਧ-ਪਚੱਧੀ ਰਹਿਤ ਰੱਖਣ ਨਾਲ ਹੀ ਗੁਰੂ ਜੀ ਦੀ ਖ਼ੁਸ਼ੀ ਪ੍ਰਾਪਤ ਹੋ ਸਕਦੀ ਹੋਵੇ, ਤਾਂ ਦ੍ਰਿੜ੍ਹਤਾ ਸਹਿਤ ਪੂਰੀ ਰਹਿਤ ਰੱਖਣ ਬਾਰੇ ਸਿਰ ਖਪਾਣ ਦੀ ਕੀ ਲੋੜ ਹੈ ? ਇਹ ਕਦੇ ਨਹੀਂ ਹੋ ਸਕਦਾ ਕਿ ਗੁਰੂ ਸਾਹਿਬ ਜੀ ਨੇ ਕੁਝ ਕੁ ਹੁਕਮ, ਐਵੇਂ ਗਿਣਤੀ ਪੂਰੀ ਕਰਨ ਲਈ, ਬੇ-ਲੋੜੇ ਹੀ ਜਾਰੀ ਕਰ ਛੱਡੇ ਹੋਣ। ਗੁਰੂ ਸਾਹਿਬ ਜੀ ਦੇ ਸਭ ਹੁਕਮ ਗੁਰਸਿਖ ਦੇ ਮੰਨਣ ਯੋਗ ਹਨ; ਅਤੇ ਮੰਨਣੇ ਪੈਣੇ ਹਨ। ਭਾਵੇਂ ਇਹ ਹੁਕਮ ਸਰੀਰਕ ਰਹਿਤ ਬਾਰੇ ਹੋਣ, ਭਾਵੇਂ ਵਿਵਹਾਰਕ ਰਹਿਤ ਬਾਰੇ ਅਤੇ ਭਾਵੇਂ ਆਤਮਕ ਰਹਿਤ ਬਾਰੇ। ਬੱਜਰ ਕੁ-ਰਹਿਤੀਆ ਤਾਂ ਸਮੂਲਚਾ ਹੀ ਸਿਖੀ ਤੋਂ ਖਾਰਜ ਹੋ ਜਾਂਦਾ ਹੈ।

ਗੁਰੂ ਸਾਹਿਬ ਜੀ ਵੱਲੋਂ ਦਰਸਾਈ ਗਈ ਰਹਿਤ, ਸੰਸਾਰੀਆਂ ਲਈ ਇੱਕ ਬਹੁਤ ਵਡੀ ਬਖਸ਼ਿਸ਼ (Blessing) ਹੈ। ਇਸ ਭੇਦ ਭਰੀ ਬਾਤ ਦਾ ਉਘਾੜ ਵੱਡਿਆਂ ਭਾਗਾਂ ਨਾਲ ਹੀ ਹੁੰਦਾ ਹੈ। ਸਾਨੂੰ ਤਾਂ ਪਤਾ ਹੀ ਨਹੀਂ ਸੀ ਕਿ ਕਕਾਰਾਂ ਦੀ ਕੀ ਲੋੜ ਹੈ, ਅਤੇ ਇਹ ਕਕਾਰ ਕੀ ਸ਼ੈ ਹਨ। ਸਾਡੇ ਲਈ ਇਨ੍ਹਾਂ ਦੀ ਰਹਿਤ ਜ਼ਰੂਰੀ ਹੁੰਦੀ ਹੋਏਗੀ, ਤਾਹੀਓਂ ਹੀ ਅਕਾਲ ਪੁਰਖ ਨੇ ਸਾਨੂੰ ਇਹ ਰਹਿਤ ਬਖਸ਼ੀ ਹੈ। ਖਾਲਸਈ ਰਹਿਤ ਕਿਸੇ ਅਲਪੱਗ ਜੀਵ ਨੇ ਨਹੀਂ ਚਲਾਈ। ਇਹ ਰਹਿਤ ਗੁਪਤੋਂ ਪਰਗਟ ਹੋਈ ਹੈ, ਅਤੇ ਇਹ ਪ੍ਰਮਾਤਮਾ ਦੀ ਮੌਜ ਦਾ ਚਿੱਤ੍ਰ ਹੈ। ਸਾਡੀ ਤਾਂ ਉਹ ਗੱਲ ਹੈ ਕਿ 'ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲ ਅਮੋਲੁ ਪਲੇਟਾ'। ਸਾਡੀ ਨਿਗਾਹ ਤਾਂ ਚੀਥੜਿਆਂ ਤੱਕ ਹੀ ਸੀਮਤ ਹੈ। ਏਸੇ ਤਰ੍ਹਾਂ ਅਸੀਂ ਕਕਾਰਾਂ ਨੂੰ ਭੀ ਬੈਰੂਨੀ ਤੌਰ ਤੇ ਹੀ ਦੇਖਦੇ ਹਾਂ। ਕਲਗੀਧਰ ਪਾਤਸ਼ਾਹ ਜੀ ਨੇ ਇਨ੍ਹਾਂ ਕਕਾਰਾਂ ਦੇ ਅੰਦਰ ਕੀ ਕੀ ਅਮੋਲਕ ਬਖਸ਼ਸ਼ਾਂ ਅਤੇ ਰਹਿਮਤਾਂ ਛੁਪਾਈਆਂ ਹੋਈਆਂ ਹਨ, ਅਸੀਂ ਉਨ੍ਹਾਂ ਨੂੰ ਦੇਖਣ ਤੋਂ ਅਥਵਾ ਮਹਿਸੂਸ ਕਰਨ ਤੋਂ ਭੀ ਅਸਮਰੱਥ ਹਾਂ।

ਰਹਿਤ ਨਾਲ ਪਿਆਰ ਅਤੇ ਰਹਿਤ ਦਾ ਸਤਿਕਾਰ ਗੁਰੂ ਜੀ ਨਾਲ ਪਿਆਰ ਅਤੇ ਗੁਰੂ ਜੀ ਲਈ ਸਤਿਕਾਰ ਦਾ ਪ੍ਰਤੀਕ ਹੈ। ਜੇ ਗੁਰੂ ਜੀ ਨੂੰ ਇਹ ਰਹਿਤ ਪਿਆਰੀ ਹੈ ਤਾਂ ਗੁਰਸਿੱਖ ਨੂੰ ਇਹ ਰਹਿਤ ਪਿਆਰੀ ਕਿਉਂ ਨਾ ਹੋਵੇ ? ਗੁਰਸਿੱਖ ਨੂੰ ਕਕਾਰ ਭਾਰੇ ਕਿਉਂ ਲੱਗਣ ? ਕਕਾਰਾਂ ਨੂੰ ਪਹਿਨੀ ਰੱਖਣ ਬਾਰੇ, ਸਿਖ, ਆਲਸੀ ਕਿਉਂ ਹੋਵੇ ? ਸਿੱਖ ਨੂੰ ਕਿਰਪਾਨ ਅਥਵਾ ਕੇਸਕੀ ਪਹਿਨਣ ਵਿਚ ਸ਼ਰਮ ਕਿਉਂ ਮਹਿਸੂਸ ਹੋਵੇ ? ਅਜਿਹਿਆਂ ਆਲਸੀਆਂ ਬਾਰੇ ਹੀ ਤਾਂ ਸਾਹਿਬਾਂ ਦਾ ਫ਼ਤਵਾ ਢੁੱਕਦਾ ਹੈ ਕਿ 'ਸਿੱਖ ਪਿਆਰਾ ਨਾਹਿ'। ਗੁਰਸਿਖ ਨੂੰ ਤਾਂ ਸਿੱਖੀ ਰਹਿਤ ਤੋਂ ਵਾਰੀ ਸਦਕੇ ਹੋ ਜਾਣਾ ਚਾਹੀਦਾ ਹੈ, ਨਾ ਕਿ ਇਸ ਨੂੰ ਵਾਧੂ ਸਿਰ-ਦਰਦੀ ਸਮਝਣਾ।

"ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ" (੨੮੬) ॥ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਨੇ ਭੀ ਗੁਰੂ ਕੇ ਗ੍ਰਿਹਿ ਵਿੱਚ ਆਉਣਾ ਹੈ (ਭਾਵ ਕਿ ਸਿਖੀ ਇਖ਼ਤਿਆਰ ਕਰਨੀ ਹੈ) ਉਸ ਨੂੰ ਗੁਰੂ ਸਾਹਿਬ ਜੀ ਦੇ ਹੁਕਮ ਸਹਿਣੇ ਹੀ ਪੈਣੇ ਹਨ (ਮੰਨਣੇ ਹੀ ਪੈਣੇ ਹਨ)। ਗੁਰੂ ਸਾਹਿਬ ਜੀ ਦੇ ਹੁਕਮ ਸਾਨੂੰ ਕੋਠੇ ਦੀ ਛੱਤ ਤੋਂ ਸਿਰ ਪਰਨੇ ਭੁੰਜੇ ਛਾਲ ਮਾਰਨ ਲਈ ਨਹੀਂ ਕਹਿੰਦੇ। ਉਹ ਕਰੜੇ ਇਸ ਲਈ ਹਨ ਕਿ ਇਨ੍ਹਾਂ ਨੂੰ ਮੰਨਣ ਵਿਚ ਢਿਲਿਆਈ ਬਿਬਰਜਤ ਹੈ।


www.AKJ.Org

ਕੁਰਬਾਨ ਜਾਈਏ ਉਨ੍ਹਾਂ ਗੁਰੂ ਕੇ ਲਾਲਾਂ ਤੋਂ, ਜੋ ਆਪਣੇ ਭਾਰੀ ਕੇਸਾਂ ਦੇ ਬਾਵਜੂਦ, ਬਰਸਾਤਾਂ ਅਤੇ ਸਰਦੀਆਂ ਵਿਚ ਵੀ ਚਾਵਾਂ ਮਲ੍ਹਾਰਾਂ ਨਾਲ ਕੇਸੀ ਇਸ਼ਨਾਨ ਕਰ ਕੇ ਅੰਮ੍ਰਿਤ ਵੇਲੇ ਦੀ ਸੰਭਾਲ ਵਿੱਚ ਜੁੜ ਬੈਠ ਕੇ ਖੁਸ਼ੀ ਮਨਾਂਦੇ ਹਨ। ਗੁਰੂ ਸਾਹਿਬ ਜੀ ਰਹਿਤ ਨੂੰ ਕੇਵਲ ਕਰੜੀ ਹੀ ਨਹੀਂ ਕਹਿੰਦੇ, ਸਗੋਂ ਮਹਾਂ ਕਰੜੀ ਕਹਿੰਦੇ ਹਨ। ਮਹਾਂ ਕਰੜੀ ਇਸ ਲਈ ਕਹਿੰਦੇ ਹਨ ਕਿਉਂਕਿ ਇਸ ਰਹਿਤ ਨੂੰ ਮੰਨਣ ਵਿੱਚ ਮਨ-ਮਰਜ਼ੀ ਉੱਕੀ ਹੀ ਬਿਬਰਜਤ ਹੈ। ਯਥਾ : "ਗੁਰ-ਪੀਰਾਂ-ਕੀ-ਚਾਕਰੀ-ਮਹਾਂ-ਕਰੜੀ (ਪਰ ਜੇ ਇਹ ਚਾਕਰੀ ਠੀਕ ਨਿਭਾਈ ਜਾਏ ਤਾਂ ਅੰਤ ਨੂੰ ਇਹ ਹੈ) ਸੁਖ-ਸਾਰੁ (੧੪੨੨) ॥"

ਸਭ ਕੁਝ ਸੋਚ ਵਿਚਾਰ ਕੇ ਇੰਜ ਪ੍ਰਤੀਤ ਹੁੰਦਾ ਹੈ ਕਿ, ਪਤਿਤ ਕਰਮ ਕਰ ਕੇ ਸਿੱਖੀ ਛਡ ਦੇਣ ਵਾਲਿਆਂ ਦੀ ਗਿਣਤੀ ਤਾਂ, ਸ਼ਾਇਦ ਬਹੁਤ ਹੀ ਥੋੜੀ ਹੋਵੇਗੀ। ਹੱਦੋਂ ਕਿਤੇ ਜ਼ਿਆਦਾ ਗਿਣਤੀ ਉਨ੍ਹਾਂ, ਸਾਡੇ ਵਰਗਿਆਂ ਦੀ ਹੈ ਜਿਹੜੇ ਬਾਕੀ ਦੀ ਰਹਿਤ ਸੰਬੰਧੀ ਮਨ-ਮਰਜੀ ਵਰਤ ਕੇ ਤਨਖਾਹੀਏ ਹੋਏ ਬੈਠੇ ਹਨ, ਜਿਸ ਕਾਰਨ ਉਹ ਸਿੱਖੀ ਦੀ ਬਖਸ਼ਸ਼ ਤੋਂ ਵਾਂਝੇ ਹੋਏ ਬੈਠੇ ਹਨ, ਅਤੇ ਬਦ-ਕਿਸਮਤੀ ਨੂੰ, ਇਸ ਪੱਖੋਂ ਅਨਜਾਣ ਹਨ।

ਅਸੀਂ ਤਾਂ ਕਦੇ ਇਹ ਸੋਚਣ ਦੀ ਖੇਚਲ ਭੀ ਨਹੀਂ ਕੀਤੀ ਕਿ ਅਸੀਂ ਕਿਹੜੇ ਕਿਹੜੇ ਗੁਰ-ਹੁਕਮਾਂ ਵਲੋਂ ਲਾ-ਪਰਵਾਹ ਹੋਏ ਬੈਠੇ ਹਾਂ, ਤਾਂ ਜੁ ਆਪਣੀ ਸੋਧ ਸੁਧਾਈ ਕਰਵਾ ਸਕੀਏ।

ਸਾਨੂੰ ਆਪਣੇ ਮਨ ਅੰਦਰ ਝਾਤੀ ਮਾਰਨ ਦੀ ਲੋੜ ਹੈ, ਅਤੇ ਜਿਥੇ ਭੀ ਘਾਟ ਨਜ਼ਰ ਆਵੇ ਉਸ ਦਾ ਗੁਰਮਤਿ ਅਨੁਸਾਰ ਸੁਧਾਰ ਲੱਭਣਾ, ਸਾਡੇ ਆਪਣੇ ਭਲੇ ਲਈ ਉਚਿਤ ਹੈ। ਅਕਾਲ ਪੁਰਖ ਨੇ ਇਹ ਦੁਨੀਆ ਸਾਜੀ ਹੈ, ਅਤੇ ਉਸ ਨੇ ਹੀ ਦੁਨੀਆਦਾਰਾਂ ਦੇ ਪਾਰ-ਉਤਾਰੇ ਲਈ 'ਸਿਖੀ **ਰਹਿਤ ਰੂਪੀ**' ਹੁਕਮ ਚਲਾਏ ਹਨ। ਇਹ ਰਹਿਤ ਔਖੀ ਹੈ ਕਿਉਂਕਿ ਇਸ ਵਿਚ ਦਿਲਿਆਈ ਬਿਬਰਜਤ ਹੈ, ਪਰ ਸਾਨੂੰ ਇਹ ਰਹਿਤ ਨਿਭਾਉਣੀ ਹੀ ਪੈਣੀ ਹੈ। ਇਸ ਤੋਂ ਬਿਨਾਂ ਹੋਰ ਕੋਈ ਚਾਰਾ ਹੈ ਹੀ ਨਹੀਂ। ਇਸ ਰਹਿਤ ਤੋਂ ਬਿਨਾਂ ਪਾਰ-ਉਤਾਰਾ ਭੀ ਨਹੀਂ। ਇਸ ਗੱਲ ਦਾ ਸਬੂਤ ਇਹ ਹੈ ਕਿ ਅਕਾਲ ਪੁਰਖ ਨੂੰ ਰਹਿਤਵਾਨ ਸਿੱਖ ਹੀ ਪਿਆਰੇ ਹਨ। ਕੇਵਲ ਪਿਆਰੇ ਹੀ ਨਹੀਂ, ਸਗੋਂ ਬਹੁਤ ਹੀ ਪਿਆਰੇ ਹਨ। ਯਥਾ : "ਗੁਰ-ਕੇ-ਬਚਨ-ਸਤਿ-ਸਤਿ-ਕਰਿ-ਮਾਨੇ-ਮੇਰੇ-ਠਾਕੁਰ-ਬਹੁਤੁ-ਪਿਆਰੇ (੯੮੨) ॥" 'ਇਹ ਹੈ ਰਹਿਤ ਰਹਿਣੀ ਵਾਲਿਆਂ ਦਾ ਰੱਬ ਵਲੋਂ ਆਦਰ।

ਸਿਖੀ ਰਹਿਤ ਨੂੰ ਪਿਆਰਨ ਵਾਲੇ ਗੁਰੂ ਸਾਹਿਬ ਜੀ ਰਹਿਤ ਸੰਬੰਧੀ ਸਿਰੇ ਦੀ ਗੱਲ ਕਰਦੇ ਹੋਏ ਅਤੇ ਗੱਲ ਨੂੰ ਮੁਕਾਉਂਦੇ ਹੋਏ ਅੰਤਮ ਫੈਸਲਾ ਸੁਣਾਉਂਦੇ ਹਨ "ਨਾਨਕ-ਗੁਰਮੁਖਿ-ਹੋਵਹਿ-ਤਾ-ਉਬਰਹਿ-ਨਾਹਿ-ਤ-ਬਧੇ-ਦੁਖ-ਸਹਾਹਿ (੫੯੧) ॥" ਭਾਵ ਕਿ ਸਿਖੀ ਧਾਰਨ ਕਰਕੇ ਸਿੱਖੀ ਰਹਿਤ ਵਿਚ ਤਨੋਂ ਮਨੋਂ ਹੋ ਕੇ ਰਹਿਣ ਵਾਲਿਆਂ ਦਾ ਹੀ ਪਾਰ-ਉਤਾਰਾ ਹੋਏਗਾ। ਵਰਨਾ ਬਾਕੀ ਦੇ ਸਭ ਬੱਧੇ ਦੁਖ ਸਹਿੰਦੇ ਰਹਿਣਗੇ। ਏਹੀ ਸਿੱਖੀ ਰਹਿਤ ਦੀ ਕਰੜਾਈ ਹੈ। "ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ ॥"

ਵਾਧ ਘਾਟ ਵੱਲੋਂ ਸੰਗਤਾਂ ਪਾਸੋਂ ਖਿਮਾ ਦਾ ਜਾਚਕ ਹਾਂ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ ॥

---

## 'ਸੂਰਾ' ਦੇ ਪਰਦੇਸੀ ਅਮਾਨਤੀ ਲਾਈਫ਼ ਮੈਂਬਰ ਬਕਾਏ ਛੇਤੀ ਭੇਜਣ

ਫ਼ਰਵਰੀ 1984 ਤੋਂ ਪਰਦੇਸਾਂ ਲਈ ਡਾਕ ਖ਼ਰਚ ਵਧ ਜਾਣ ਕਰਕੇ ਚੰਦੇ ਵਧਾਏ ਗਏ। ਪਰਦੇਸਾਂ ਦੇ ਅਮਾਨਤੀ ਲਾਈਫ ਮੈਂਬਰਾਂ ਦੀਆਂ ਰਕਮਾਂ ਦੇ ਸੂਦ ਨਾਲ ਹੀ ਚੰਦੇ ਪੂਰੇ ਕੀਤੇ ਜਾਂਦੇ ਹਨ। ਜਿਨ੍ਹਾਂ ਵੀਰਾਂ ਨੇ ਅਜੇ ਤਕ ਬਕਾਏ ਨਹੀਂ ਭੇਜੇ, ਉਹ ਹੇਠ ਲਿਖੇ ਅਨੁਸਾਰ ਆਪਣੇ ਬਕਾਏ ਛੇਤੀ ਭੇਜਣ ਤਾਕਿ ਉਨ੍ਹਾਂ ਦੇ ਚੰਦੇ ਪੂਰੇ ਵਸੂਲ ਕੀਤੇ ਜਾ ਸਕਣ—

| ਹਵਾਈ ਡਾਕ | ਪਹਿਲਾਂ ਪੁਜੀ ਰਕਮ | ਹੁਣ ਚਾਹੀਦੀ | ਰਕਮ ਬਾਕੀ ਭੇਜਣੀ ਹੈ |
|---|---|---|---|
| ਅਮਰੀਕਾ ਕੈਨੇਡਾ | 750—00 | 900—00 | 150—00 |
| ਯੂ. ਕੇ. ਅਫ਼ਰੀਕਾ ਆਦਿ | 650—00 | 750—00 | 100—00 |
| ਅਰਬ, ਮਲਾਇਆ ਆਦਿ | 500—00 | 550—00 | 50—00 |
| **ਸਮੁਦਰੀ ਡਾਕ ਸਾਰੇ ਦੇਸ** | 200 / 250-00 | 350—00 | 150 / 100-00 |



www.AKJ.Org

# ਸਤਿਗੁਰੁ ਜਾਗਿ ਜਗਾਇਦਾ

[ਪ੍ਰੋਫੈਸਰ ਗੁਰਮੁਖ ਸਿੰਘ ਜੀ]

ਸਿਖ ਨੂੰ ਗੁਰਬਾਣੀ ਸਦਾ ਸਹੀ ਸੇਧ ਬਖਸ਼ਦੀ ਹੈ। ਆਮ ਸੰਸਾਰੀ ਮਨੁਖ ਪ੍ਰਮਾਰਥ ਵਲੋਂ ਬੇਸੁਧ ਹੈ, ਮਨ ਦਾ ਅੰਧਾ ਹੈ, ਅਤੇ ਆਤਮਕ ਤੌਰ ਤੇ ਇਕ ਤਰ੍ਹਾਂ ਦੀ ਘੂਕ ਨੀਂਦੇ ਸੁਤਾ ਪਿਆ ਹੈ। ਗੁਰੂਦੇਵ ਦੀ ਅੰਮ੍ਰਿਤ ਬਾਣੀ, ਕਿਵੇਂ ਸੁਤੇ ਪਏ ਪ੍ਰਾਣੀ ਨੂੰ ਟੁੰਭ ਟੁੰਭ ਕੇ ਜਗਾਂਦੀ ਹੈ। ਪ੍ਰੇਮ ਸ਼ਰਧਾ ਨਾਲ ਅੰਮ੍ਰਿਤ ਬਾਣੀ ਦਾ ਗਟਾਕ ਭੁੰਚਣ ਨਾਲ ਰੱਬੀ ਜਾਗ ਖੁਲ੍ਹ ਜਾਂਦੀ ਹੈ। ਸਿਖ ਮਾਨਸਿਕਤਾ ਦਾ ਇਹ ਛੇਵਾਂ ਲੇਖ ਆਪ ਦੇ ਪੇਸ਼ ਹੈ।

ਸੰਪਾਦਕ

ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥
ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ ॥੧੨੯॥

[ਸਲੋਕ ਕਬੀਰ ਜੀ, ਪੰਨਾ ੧੩੭੧]

ਭਗਤ ਜਨਾਂ, ਰੱਬੀ ਰੰਗ ਵਿਚ ਰੱਤੇ ਪੁਰਸ਼ਾਂ ਲਈ ਇਹ ਸੰਸਾਰ ਸੁਤਾ ਪਿਆ ਹੈ। ਸੁਤੇ ਪਏ ਮਨੁਖ ਦਾ ਅਲੰਕਾਰ ਬੰਨ੍ਹ ਕੇ ਗੁਰਬਾਣੀ ਅੰਦਰ ਜਾਗਦੇ ਮਨੁਖ ਦੀ ਜੋ ਜਗਮਗਾਂਦੀ ਤਸਵੀਰ ਉਘਾੜੀ ਗਈ ਹੈ, ਉਹ ਸਪਸ਼ਟ ਕਰਦੀ ਹੈ ਕਿ ਸਮੁਚਾ ਸੰਸਾਰ ਦੋ ਭਾਗਾਂ ਵਿਚ ਵੰਡਿਆ ਪਿਆ ਹੈ—ਇਕ ਸੁਤੇ, ਇਕ ਜਾਗਦੇ। ਸੁਤੇ ਉਹ ਹਨ ਜਿਨ੍ਹਾਂ ਦਾ ਗਿਆਨ-ਨੇਤਰ ਨਹੀਂ ਖੁਲ੍ਹਿਆ, ਇਸ ਲਈ ਉਹ ਸੰਸਾਰ ਨੂੰ ਬਾਹਰਮੁਖੀ ਨੇਤਰਾਂ ਨਾਲ ਹੀ ਵੇਖ ਸਕਦੇ ਹਨ। ਪਰ ਜਾਗਦੇ ਉਹ ਮਨੁਖ ਹਨ, ਜਿਨ੍ਹਾਂ ਦਾ ਗਿਆਨ-ਨੇਤਰ ਖੁਲ੍ਹ ਗਿਆ ਹੁੰਦਾ ਹੈ। ਗਿਆਨ-ਨੇਤਰ ਨਾਲ ਉਹ ਪਾਰ-ਦਰਸ਼ੀ ਹੋ ਜਾਂਦੇ ਹਨ।

ਜਿਨ੍ਹਾਂ ਦਾ ਇਹ ਗਿਆਨ-ਨੇਤਰ ਨਹੀਂ ਖੁਲ੍ਹਿਆ, ਉਹ ਇਸ ਸੰਸਾਰ ਨੂੰ ਸੱਚ ਮੰਨਦੇ ਹਨ। ਉਹਨਾਂ ਦੀਆਂ ਖ਼ਿਆਲੀ-ਦੌੜਾਂ ਦਾ ਹੱਦ-ਬੰਨਾ ਇਹਨਾਂ ਬਾਹਰਮੁਖੀ ਅਖਾਂ ਅਤੇ ਗਿਆਨ ਇੰਦਰੀਆਂ ਰਾਹੀਂ ਦਿਸਣ ਅਤੇ ਸਮਝੇ ਜਾ ਸਕਣ ਵਾਲੇ ਦ੍ਰਿਸ਼ਟਮਾਨ ਜਗਤ ਤਕ ਸੀਮਤ ਹੁੰਦਾ ਹੈ। ਇਸ ਜਗਤ ਤੋਂ ਅਗੇ ਕੀ ਹੈ, ਇਸ ਸੰਬੰਧ ਵਿਚ ਸੰਤਾਂ ਭਗਤਾਂ ਦੇ ਉਚ ਅਨੁਭਵਾਂ ਵਲ ਉਨ੍ਹਾਂ ਦੀ ਸੁਰਤ ਜਾਂਦੀ ਹੀ ਨਹੀਂ। ਇਸੇ ਲਈ ਭਗਤਾਂ ਤੇ ਸੰਸਾਰੀਆਂ ਦੇ ਦ੍ਰਿਸ਼ਟੀਕੋਣ ਵਿਚ ਵਡਾ ਅੰਤਰ ਹੈ। ਸੰਸਾਰੀ ਆਪਣੇ ਨੱਕ ਤੋਂ ਪਰੇ ਨਹੀਂ ਵੇਖ ਸਕਦਾ (They cannot see beyond there nose) ਪਰ ਉਸ ਦੇ ਟਾਕਰੇ ਤੇ ਭਗਤ ਜਨ ਇਸ ਲੋਕ ਤੋਂ ਅਗੇ ਪਰਲੋਕ ਦੇ ਡੂੰਘੇ ਭੇਦਾਂ ਨੂੰ ਵੀ ਜਾਣਦੇ ਹੁੰਦੇ ਹਨ। ਸੰਸਾਰੀ ਮਨੁੱਖ ਮਨ ਦਾ ਅੰਧਾ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਐਸੇ ਅੰਧੇ ਪੁਰਸ਼ ਦਾ ਕਿਤਨਾ ਕਰੂਪ ਚਿਤਰ ਪੇਸ਼ ਕਰਦੇ ਹਨ :—

ਮਨਹੁ ਜਿ ਅੰਧੇ ਕੂਪ, ਕਹਿਆ ਬਿਰਦੁ ਨ ਜਾਣਨੀ ॥
ਮਨਿ ਅੰਧੈ ਊਂਧੈ ਕਵਲਿ, ਦਿਸਨਿ ਖਰੇ ਕਰੂਪ ॥
ਇਕਿ ਕਹਿ ਜਾਣਹਿ ਕਹਿਆ ਬੁਝਹਿ, ਤੇ ਨਰ ਸੁਘੜ ਸਰੂਪ ॥

ਮ. ੧, ਸਾਰੰਗ ਕੀ ਵਾਰ, ਪੰਨਾ ੧੨੪੫-੪੬

ਭਾਵ, ਜਿਹੜੇ ਮਨੁਖ ਮਨੋਂ ਹੀ ਅੰਧੇ ਹੋਣ, ਉਹਨਾਂ ਨੂੰ ਕੋਈ ਗਿਆਨ ਦੀ ਗੱਲ ਜੇ ਕਹੀ ਭੀ ਜਾਏ ਤਾਂ ਭੀ ਉਹ ਨਹੀਂ ਸਮਝ ਸਕਦੇ, ਕਿਉਂਕਿ ਉਹ ਮਨ ਦੇ ਅੰਧੇ ਹਨ ਤੇ ਉਹਨਾਂ ਦਾ ਹਿਰਦਾ-ਕਉਲ ਵ ਹਿਗੁਰੂ ਜੀ ਦੇ ਨਾਮ ਵਲੋਂ ਮੂਧਾ ਹੋਇਆ ਹੋਇਆ ਹੈ। ਐਸੇ ਮਨੁਖ ਭਾਵੇਂ ਸ਼ਕਲੋਂ ਸੋਹਣੇ ਕਿਉਂ ਨ ਹੋਣ, ਪ੍ਰਭੂ-ਲੋਕਾਂ ਨੂੰ ਉਹ ਬਦਸੂਰਤ ਦਿਸਦੇ ਹਨ। ਪਰ ਜਿਹੜੇ ਲੋਕ ਗਿਆਨ ਦੀ ਗੱਲ ਸੁਣਦੇ ਸਮਝਦੇ ਹਨ, ਉਹ ਜਨ ਸਹੀ ਅਰਥਾਂ ਵਿਚ ਸੁਚੱਜੇ ਤੇ ਸੋਹਣੇ ਹੁੰਦੇ ਹਨ।



www.AKJ.Org

ਗੁਰਬਾਣੀ ਵਿਚ ਮਾਦਾ ਪ੍ਰਸਤ ਨੂੰ ਮਨ ਦਾ ਅੰਧਾ ਕਰਕੇ ਕਿਹਾ ਗਿਆ ਹੈ। ਨਾ ਉਸਨੂੰ ਰੱਬ ਦਿਸਦਾ ਹੈ ਤੇ ਨਾ ਹੀ ਉਹ ਰੱਬ ਦੀ ਗੱਲ ਸੁਣ ਸਕਦਾ ਹੈ, ਸਮਝਣਾ ਤਾਂ ਕੀ ਸੀ :—

ਮਾਇਆਧਾਰੀ ਅਤਿ ਅੰਨਾ ਬੋਲਾ ॥
ਸਬਦੁ ਨ ਸੁਣਈ, ਬਹੁ ਰੋਲ ਘਚੋਲਾ ।੨॥੨੪॥ [ਵਾਰ ਗਉੜੀ, ਮ: ੩, ਪੰਨਾ ੩੧੩]

ਉਸਦੀ ਦਸ਼ਾ ਇਹ ਹੁੰਦੀ ਹੈ :—

ਪੇਖਤ ਚਾਖਤ ਕਹੀਅਤ ਅੰਧਾ, ਸੁਨੀਅਤ ਸੁਨੀਐ ਨਾਹੀ ॥
ਨਿਕਟਿ ਵਸਤੁ ਕਉ ਜਾਣੈ ਦੂਰੇ, ਪਾਪੀ ਪਾਪ ਕਮਾਹੀ ॥੧॥[ਸੂਹੀ ਮ: ੫, ਪੰਨਾ ੭੪੧

ਉਹ ਸੰਸਾਰ ਤੇ ਖਾਂਦਾ ਪੀਂਦਾ, ਦੇਖਦਾ ਚਾਖਦਾ ਹੋਇਆ ਭੀ ਸਾਰੀ ਉਮਰ ਅੰਧਾ ਹੀ ਰਹਿੰਦਾ ਹੈ। ਪ੍ਰਭੂ ਕਿਤਨਾ ਨੇੜੇ ਹੈ ਪਰ ਉਸਨੂੰ ਦੂਰ ਹੀ ਦਿਸਦਾ ਹੈ। ਇਸੇ ਕਰਕੇ ਉਹ ਮੰਦੇ ਕਰਮ ਨਿਡਰ ਹੋ ਕੇ ਕਮਾਂਦਾ ਹੈ।

ਗੁਰਬਾਣੀ ਵਿਚ ਹੋਰ ਥਾਵੇਂ ਮਨਮੁਖ ਨੂੰ ਅੰਧਾ ਮੰਨਿਆ ਗਿਆ ਹੈ :—

ਰਤਨੁ ਪੰਦਾਰਥੁ ਪਲਰਿ ਤਿਆਗੈ ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥੪॥ [ਮਾਝ ਮ: ੩, ਪੰਨਾ ੧੧੩]

ਐਸੇ ਮਨਮੁਖ ਦੇ ਅਗੋਂ ਨਸਲ ਦਰ ਨਸਲ ਅੰਧ ਹੀ ਵਰਤਦਾ ਹੈ, ਕਿਉਂਕਿ ਉਹ ਵਾਹਿਗੁਰੂ ਜੀ ਦੀ ਭੈ-ਭਾਵਨੀ ਤੋਂ ਸਖਣੇ ਹੁੰਦੇ ਹਨ।

"ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥੧॥ (੧੫੧)

ਇਥੇ 'ਸਚਾ' ਦੇ ਅਰਥ ਹਨ 'ਸਾਂਚਾ', ਭਾਵ ਜਿਹੋ ਜਿਹੇ ਮਾਂ ਬਾਪ ਸ਼ਰਧਾਹੀਨ ਤੇਹੋ ਜਿਹੇ ਅਗੋਂ ਉਹਨਾਂ ਦੇ ਬੱਚੇ ਭੀ ਸ਼ਰਧਾਹੀਨ ਅੰਧੇ ਹੀ ਜੰਮਦੇ ਹਨ।

ਅੰਗਰੇਜ਼ੀ ਦੇ ਪ੍ਰਸਿਧ ਵਿਦਵਾਨ ਐਚ. ਜੀ. ਵੈਲਜ਼ ਨੇ ਇਕ ਵਿਅੰਗ-ਮਈ ਕਹਾਣੀ ਲਿਖੀ ਹੈ : (The Country of the blind) 'ਅੰਧਿਆਂ ਦਾ ਦੇਸ਼'। ਸੰਖੇਪ ਜਿਹੀ ਕਹਾਣੀ ਇਹ ਹੈ ਕਿ ਕਿਸੇ ਵਸਦੇ ਰਸਦੇ ਨਗਰ ਵਿਚ ਕੁਦਰਤ ਵਲੋਂ ਕੋਈ ਅਜਿਹੀ ਬੀਮਾਰੀ ਪਈ ਕਿ ਉਸ ਨਗਰ ਦੇ ਸਭ ਨਵ-ਜਨਮੇ ਬੱਚੇ ਅੰਧੇ ਹੀ ਜੰਮਣ ਲਗ ਪਏ ਤੇ ਕੁਝ ਸਾਲਾਂ ਵਿਚ ਹੀ ਸੁਜਾਖਿਆਂ ਦੇ ਮਰ ਜਾਣ ਤੋਂ ਮਗਰੋਂ ਉਸ ਨਗਰ ਵਿਚ ਹਰ ਮਰਦ ਇਸਤ੍ਰੀ ਅੰਧਾ ਹੀ ਸੀ। ਡਾਕਟਰ ਭੀ ਅੰਧੇ, ਇੰਜੀਨੀਅਰ ਭੀ ਅੰਧੇ, ਕਿਸਾਨ ਮਜ਼ਦੂਰ ਭੀ ਅੰਧੇ, ਵਪਾਰੀ ਭੀ ਅੰਧੇ। ਮੁਕਦੀ ਗੱਲ ਇਹ ਕਿ ਉਸ ਨਗਰ ਵਿਚ ਕੋਈ ਸੁਜਾਖਾ ਨ ਰਿਹਾ। ਇਕ ਸਮਾਂ ਆਇਆ ਕਿ ਅਗਲੀਆਂ ਪੀੜ੍ਹੀਆਂ ਨੂੰ ਇਹ ਪਤਾ ਹੀ ਨ ਰਿਹਾ ਕਿ ਅੱਖਾਂ ਨਾਲ ਦੇਖੀਦਾ ਭੀ ਹੈ। ਇੰਜ ਅੰਧੇਰ-ਨਗਰੀ ਵਿਚ ਹੁਣ ਬਿਲਕੁਲ ਅੰਧੇਰਾ ਸੀ। ਅੱਖਾਂ ਦੇ ਹੁੰਦਿਆਂ ਉਹ ਵੇਖ ਨਹੀਂ ਸਨ ਸਕਦੇ।

ਬਦਕਿਸਮਤੀ ਨਾਲ ਇਕ ਸੁਜਾਖਾ ਬੰਦਾ ਰਾਹ ਭੁਲ ਕੇ ਉਧਰ ਆ ਨਿਕਲਿਆ। ਇਸ ਅੰਧੇਰ ਨਗਰੀ ਦੇ ਚਾਰ ਚੁਫੇਰੇ ਪਹਾੜ ਹੀ ਪਹਾੜ ਸਨ। ਇਉਂ ਰੱਬੋਂ ਹੀ ਇਹ ਨਗਰੀ ਬਾਕੀ ਜਾਗ੍ਰਿਤ ਸੰਸਾਰ ਨਾਲੋਂ ਨਿਖੜੀ ਹੋਈ ਸੀ। ਉਸ ਸੁਜਾਖੇ ਮਨੁਖ ਨੂੰ ਬੜੀ ਹੈਰਾਨੀ ਹੋਈ ਕਿ ਚੰਗੇ ਭਲੇ ਰਿਸ਼ਟ ਪੁਸ਼ਟ ਬੰਦੇ, ਅਖਾਂ ਹਨ, ਪਰ ਦੇਖ ਨਹੀਂ ਸਕਦੇ। ਕੰਨਾਂ ਨਾਲ ਸੁਣਦੇ ਹਨ ਤੇ ਉਸ ਦੇ ਸਹਾਰੇ ਹੀ ਤੁਰਦੇ ਫਿਰਦੇ ਤੇ ਕੰਮ ਕਰਦੇ ਹਨ। ਇਕ ਵਾਰੀ ਉਸ ਨੂੰ ਮਾਰਨ ਨੂੰ ਪਏ, ਉਸ ਮਸਾਂ ਜਾਨ ਬਚਾਈ।

ਜਿਸ ਘਰ ਵਿਚ ਉਹ ਮਹਿਮਾਨ ਬਣ ਕੇ ਰਹਿੰਦਾ ਸੀ, ਉਸਨੇ ਉਸਨੂੰ ਡਾਕਟਰ ਨੂੰ ਦਿਖਾਇਆ ਕਿ ਇਸ ਨੂੰ ਦਿਸਦਾ ਕਿਉਂ ਹੈ। ਡਾਕਟਰ ਨੇ ਆਪਣੀ ਵਿਦਿਆ ਦੇ ਹਿਸਾਬ ਨਾਲ ਦਸਿਆ ਕਿ ਇਸ ਦੀਆਂ ਅਖਾਂ ਜਮਾਂਦਰੂ ਹੀ ਖ਼ਰਾਬ ਹਨ, ਇਸ ਲਈ ਇਸਨੂੰ ਦਿਸਦਾ ਹੈ। ਇਸ ਦਾ ਇਲਾਜ ਕੇਵਲ ਓਪਰੇਸ਼ਨ ਰਾਹੀਂ ਅੱਖਾਂ ਕਢਣਾ ਹੀ ਹੈ। ਮੁਕਦੀ ਗੱਲ ਇਹ ਕਿ ਉਸ ਸੁਜਾਖੇ ਮਨੁਖ ਨੂੰ ਉਸ ਨਗਰੀ ਵਿਚ ਰਹਿਣਾ ਇਸ ਲਈ ਔਖਾ ਹੋ ਗਿਆ ਕਿਉਂਕਿ ਉਹ ਅੰਧਿਆਂ ਵਾਂਗ ਨਾ ਤਾਂ ਕੰਮ ਕਰ ਸਕਦਾ ਸੀ ਅਤੇ ਨਾ ਹੀ ਉਹਨਾਂ ਦੀਆਂ ਹੋਛੀਆਂ ਕਲਪਨਾਵਾ ਨਾਲ ਸਹਿਮਤ ਹੋ ਸਕਦਾ ਸੀ। ਜੋ ਕੁਝ ਉਸਨੂੰ ਦਿਸਦਾ ਸੀ ਉਹ ਸਚੋ ਸੱਚ ਕਹਿ ਦਿੰਦਾ ਸੀ। ਪਰ ਉਸਦੇ ਬੋਲ



www.AKJ.Org

ਉਸ ਨਗਰ ਦੇ ਅੰਧੇ ਫ਼ਿਲਾਸਫ਼ਰਾਂ ਦੇ ਬੋਲਾਂ ਨਾਲੋਂ ਵਖ ਸਨ। ਉਹਨਾਂ ਦੇ ਫ਼ਿਲਾਸਫਰ ਅਸਮਾਨ ਨੂੰ ਮਸਾਂ ੫੦ ਕੁ ਫੁਟ ਉਚੀ ਛੱਤ ਮੰਨਦੇ ਸਨ, ਜੋ ਮੁਲਾਇਮ ਪਰ ਪਥਰੀਲੇ ਚਟਾਨਾਂ ਦੀ ਬਣੀ ਹੋਈ ਸੀ। ਇਸ ਲਈ ਛੇਤੀ ਹੀ ਉਹਨਾਂ ਫ਼ਿਲਾਸਫ਼ਰਾਂ ਨੇ ਉਸਦੇ ਖ਼ਿਲਾਫ਼ ਫਤਵਾ ਦੇ ਦਿਤਾ ਕਿ ਇਹ ਸੁਜਾਖਾ ਮਨੁਖ ਅਜੀਬ ਗੱਲਾਂ ਦਸ ਕੇ ਸਾਡੇ ਨੌਜਵਾਨਾਂ ਨੂੰ ਗੁਮਰਾਹ ਕਰ ਸਕਦਾ ਹੈ, ਇਸ ਲਈ ਇਸ ਨੂੰ ਖ਼ਤਮ ਕਰ ਦਿਓ। ਖ਼ੈਰ, ਉਹ ਸੁਜਾਖਾ ਕਿਸੇ ਤਰ੍ਹਾਂ ਆਪਣੀ ਜਾਨ ਬਚਾ ਕੇ ਉਥੋਂ ਚਲਾ ਜਾਂਦਾ ਹੈ। ਤੇ ਕਹਾਣੀ ਸਮਾਪਤ ਹੋ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਭੀ ਤਾਂ ਅੰਨ੍ਹਿਆਂ ਦੇ ਦੇਸ਼ ਸਮਾਨ ਇਸ ਮਾਤ ਲੋਕ ਵਿਚ ਪ੍ਰਕਾਸ਼ਮਾਨ ਹੋਏ, ਜਿਥੇ ਲੋਕੀ ਪਿਤਰਾਂ ਨੂੰ ਪਾਣੀ ਦਿੰਦੇ ਹਨ, ਪੱਛਮ ਵਲ ਅਜੇ ਭੀ ਸੀਸ ਨਿਵਾਂਦੇ ਹਨ ਤੇ ਸਤ ਅਸਮਾਨ ਮੰਨਦੇ ਹਨ। ਪੀਰ ਦਸਤਗੀਰ ਨੇ ਪਾਤਸ਼ਾਹ ਨੂੰ ਜਦੋਂ ਪੁਛਿਆ ਕਿ ਸਾਡੇ ਰਸੂਲਿੱਲਾ ਤਾਂ ਸਤ ਅਸਮਾਨ ਦਸ ਗਏ ਹਨ, ਤੁਸੀਂ ਲਖਾਂ ਕਿਹੜੇ ਹਿਸਾਬੇ ਨਾਲ ਦਸ ਰਹੇ ਹੋ ? ਤਾਂ ਪਾਤਸ਼ਾਹ ਦਾ ਉਤਰ ਸੀ, ਸਾਨੂੰ ਤਾਂ ਲਖਾਂ ਅਸਮਾਨ ਪਏ ਦਸਦੇ ਹਨ। ਇਥੇ ਪੀਰ ਦਸਤਗੀਰ ਨੇ ਪਹਿਲਾਂ ਹੁਕਮ ਦੇ ਕੇ ਸੁਜਾਖੇ ਗੁਰੂਦੇਵ ਜੀ ਨੂੰ ਪੱਥਰ ਮਾਰ ਮਾਰ ਕੇ ਮਾਰ ਮੁਕਾਉਣਾ ਚਾਹਿਆ ਸੀ, ਪਰ ਪ੍ਰਭੂ-ਕਿਰਪਾ ਨਾਲ ਆਪ ਦਾ ਵਾਲ ਨਾ ਵਿੰਗਾ ਹੋਇਆ। ਪੀਰ ਵਲੀ ਕੰਧਾਰੀ, ਪੀਰ ਹਮਜ਼ਾ ਗੌਂਸ (ਸਿਆਲਕੋਟ ਵਾਲੇ) ਅਜੇ ਆਤਮਕ ਤੌਰ ਤੇ ਅੰਧੇ ਹੀ ਸਨ। ਸਤਿਗੁਰਾਂ ਨੇ ਉਹਨਾਂ ਨੂੰ ਭੀ ਅਖਾਂ ਦੀ ਜੋਤ ਬਖਸ਼ੀ। ਹੋਰ ਅਨੇਕਾਂ ਪੀਰਾਂ-ਫਕੀਰਾਂ, ਸਿਧਾਂ-ਨਾਥਾਂ-ਜੋਗੀਆਂ ਨੂੰ ਅੱਖਾਂ ਬਖਸ਼ੀਆਂ।

ਰਾਮਕਲੀ ਕੀ ਵਾਰ ਮ: ੩ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਕ ਸਲੋਕ ਇਉਂ ਹੈ :—

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥੧੬॥ (ਪੰਨਾ ੯੫੪)

ਭਾਵ, ਅੰਧਾ ਉਹ ਨਹੀਂ ਜਿਸ ਦੀਆਂ ਅੱਖਾਂ ਵਿਚ ਜੋਤ ਨਹੀਂ। ਅਸਲ ਅੰਨ੍ਹਾ ਉਹ ਹੈ ਜੋ ਖਸਮ-ਪਰਮਾਤਮਾ ਨੂੰ ਛਡ ਕੇ ਕੁਰਾਹੇ ਪੈ ਜਾਂਦਾ ਹੈ— ਦੇਹ ਅੰਧਾਰੀ ਅੰਧੁ ਸੁੰਞੀ ਨਾਮ ਵਿਹੂਣੀਆ ॥
ਨਾਨਕ ਸਫਲ ਜਨਮੁ ਜੈ ਘਟਿ ਵੁਠਾ ਸਚੁ ਧਣੀ ॥੨॥੧੬॥ (੧੦੯੯)

ਗਉੜੀ ਰਾਗ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਅੰਧਿਆਂ ਦੇ ਦੇਸ਼ ਦੇ ਲੋਕਾਂ ਦੇ ਕਰਮ ਧਰਮ ਦੀ ਬੜੇ ਵਿਅੰਗ-ਮਈ ਢੰਗ ਨਾਲ ਚਰਚਾ ਕਰਦੇ ਹਨ :—

ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥ ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰ ਮੇਰਾ ॥੧॥
ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥ ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ॥੧॥ਰਹਾਉ॥
ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥
ਖੋਟੇ ਕਉ ਖਰਾ ਕਹੈ, ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ, ਕਲੀ ਕਾਲ ਵਿਡਾਣੈ ॥੩॥
[ਗਉੜੀ ਮ: ੧, ਪੰਨਾ ੨੨੯]

ਭਾਵ, ਕਲਜੁਗ ਵਿਚ ਇਹ ਇਕ ਅਸਚਰਜ ਖੇਲ ਦੇਖਿਆ ਹੈ ਕਿ ਮਨ ਦੇ ਅੰਧੇ ਮਨੁਖ ਰਤਨ ਪਦਾਰਥ ਹਰਿਨਾਮ ਦੇ ਪਾਰਖੂ ਬਣ ਕੇ ਧਾਰਮਕ ਆਗੂ ਬਣੇ ਹੋਏ ਹਨ। ਉਹਨਾਂ ਦੇ ਹੋਰ ਲਛਣ ਵਿਸਥਾਰ ਸਹਿਤ ਇਉਂ ਦਿਤੇ ਹਨ :—

ਸੂਤੇ ਕਉ ਜਾਗਤੁ ਕਹੈ, ਜਾਗਤ ਕਉ ਸੂਤਾ ॥ ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥੪॥ (੨੨੯)

ਭਾਵ, ਜੋ ਮਾਇਆ ਦੇ ਨਸ਼ੇ ਵਿਚ ਸੁੱਤਾ ਪਿਆ ਹੈ ਉਸਨੂੰ ਜਾਗਦਾ, ਅਤੇ ਜੋ ਪ੍ਰਭੂ ਦੇ ਰੰਗ ਵਿਚ ਰੰਗਿਆ ਹੋਇਆ ਹੈ ਉਸ ਨੂੰ ਸੰਸਾਰ ਵਲੋਂ ਮਰਿਆ ਤੇ ਸੁਤਾ ਹੋਇਆ ਸਮਝਦੇ ਹਨ। ਪਰ ਜਿਹੜਾ ਮਾਇਆ ਦੇ ਅਥਾਹ-ਭਿਆਨਕ ਸਮੁੰਦਰ ਵਿਚ ਡੁਬਾ ਪਿਆ ਹੈ ਉਸਦੇ ਮਰਨ ਤੇ ਕੋਈ ਅਫਸੋਸ ਨਹੀਂ। ਫਿਰ ਅਗੇ ਗੁਰ-ਫੁਰਮਾਨ ਹੈ—

ਮੀਠੇ ਕਉ ਕਉੜਾ ਕਹੈ, ਕੜੂਏ ਕਉ ਮੀਠਾ ॥
ਰਾਤੇ ਕੀ ਨਿੰਦਾ ਕਰਹਿ, ਐਸਾ ਕਲਿ ਮਹਿ ਡੀਠਾ ॥੬॥ (ਪੰਨਾ ੨੨੯)



www.AKJ.Org

ਭਾਵ, ਵਾਹਿਗੁਰੂ ਜੀ ਦਾ ਨਾਮ ਕਿਤਨਾ ਮਿਠਾ ਹੈ ਉਸਨੂੰ ਤਾਂ ਕਉੜਾ ਕਹਿੰਦੇ ਹਨ, ਪਰ ਅੰਮ੍ਰਿਤ ਨਾਮ-ਰਸ ਤੋਂ ਘੁਥੇ ਹੋਏ ਤੁਛ ਬਿਖੇ ਰਸਾਂ ਨੂੰ, ਜੋ ਮੂਲੋਂ ਕਉੜੇ ਹਨ, ਮਿਠਾ ਕਰਕੇ ਮੰਨਦੇ ਹਨ। ਜੋ ਪਰਮੇਸ਼ਰ ਦੇ ਰੰਗ ਵਿਚ ਰੰਗੇ ਹੋਏ ਹੁੰਦੇ ਹਨ, ਉਹਨਾਂ ਦੀ ਅੰਧੇ ਲੋਕ ਨਿੰਦਾ ਕਰਦੇ ਹਨ, ਇਹ ਕਲਜੁਗ ਵਿਚ ਇਕ ਅਜੀਬ ਤਮਾਸ਼ਾ ਵੇਖਿਆ ਜਾ ਰਿਹਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਹੋਇਆਂ, ਭਗਤ ਨਾਮਦੇਵ ਜੀ ਦਾ ਹੇਠ ਲਿਖਿਆ ਸ਼ਬਦ ਗੁਰਮਤਿ-ਦ੍ਰਿਸ਼ਟੀਕੋਣ ਦੇ ਅਨੁਕੂਲ ਸਮਝ ਕੇ ਹੀ ਦਰਜ ਕੀਤਾ। ਇਸ ਵਿਚ ਦਸਿਆ ਹੈ ਕਿ ਸ੍ਰੀ ਅਕਾਲ ਪੁਰਖ-ਖਸਮ ਨੂੰ ਛੱਡ ਕੇ ਜੋ ਦੂਜੇ ਦੀ ਸੇਵਾ ਵਿਚ ਲਗਦੇ ਹਨ ਉਹ ਅਜੇ ਅੰਧੇ ਹੀ ਹਨ :—

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕਉ ਸਮਝਾਊ ਰੇ ॥ ਬਿਲਾਵਲੁ (ਗੋਂਡ ਨਾਮਦੇਵ ਜੀ)

ਅਤੇ ਇਸ ਸ਼ਬਦ ਦੀਆਂ ਅੰਤਲੀਆਂ ਸਤਰਾਂ ਹਨ:—

ਹਿੰਦੂ ਅੰਨਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥ [ਪੰਨਾ ੮੭੪-੭੫]

ਭਾਰਤ ਦੀਆਂ ਦੋ ਪਰਮੁਖ ਕੌਮਾਂ ਦਾ ਆਤਮਕ ਵਿਸ਼ਲੇਸ਼ਣ ਇਹ ਹੈ ਕਿ ਇਕ ਤਾਂ ਬਿਲਕੁਲ ਅੰਧੀ ਹੈ ਤੇ ਦੂਸਰੀ ਦੀ ਵੀ ਇਕ ਅੱਖ ਨਹੀਂ। ਪਹਿਲੀ ਤਾਂ ਅਕਾਲਪੁਰਖ ਦੀ ਹਸਤੀ ਤੋਂ ਭੁਲ ਕੇ ਹੋਰ ਹੋਰ ਦੀ ਪੂਜਾ ਕਰਨ ਵਿਚ ਭੁਲੇ ਹੋਣ ਕਾਰਨ ਅੰਧੀ ਹੈ ਤੇ ਦੂਜੀ ਵਿਚ ਇਕ ਅਕਾਲ ਦੀ ਪੂਜਾ ਤਾਂ ਹੈ, ਪਰ ਉਹ ਉਸਨੂੰ ਸਭ ਵਿਚ, ਸਭ ਥਾਈਂ ਰਵਿਆ ਹੋਇਆ ਨ ਸਮਝਣ ਕਰਕੇ ਕਾਣੀ ਹੈ।

ਗੁਰੂ ਪਾਤਸ਼ਾਹ ਗਿਆਨਵਾਨ ਸੁਜਾਖੇ ਸਿਖ ਤਿਆਰ ਕਰਨ ਦਾ ਮਿਸ਼ਨ ਲੈ ਕੇ ਇਸ ਸੰਸਾਰ ਵਿਚ ਪ੍ਰਕਾਸ਼ਮਾਨ ਹੋਏ ਸਨ। ਜਿਸ ਜਿਸ ਉਤੇ ਸਤਿਗੁਰਾਂ ਨੇ ਆਪਣੀ ਨਦਰ ਬਖਸ਼ਸ਼ ਕੀਤੀ ਉਸ ਨੂੰ ਅੰਨ੍ਹਿਉ ਸੁਜਾਖਾ ਕਰ ਦਿਤਾ। ਉਸਦਾ ਗਿਆਨ-ਨੇਤਰ ਖੁਲ੍ਹ ਗਿਆ। ਉਸ ਨੂੰ ਸਭ ਗੋਬਿੰਦ ਹੀ ਗੋਬਿੰਦ ਦੇ ਦੀਦਾਰੇ ਹੁੰਦੇ ਹਨ।

ਜਿਸਹਿ ਜਗਾਇ ਪੀਆਵੈ ਇਹੁ ਰਸੁ, ਅਕਥ ਕਥਾ ਤਿਨਿ ਜਾਨੀ ॥ ਪੰਨਾ ੧੩]

ਉਹ ਆਪ-ਮੁਹਾਰੇ ਕਹਿ ਉਠਦਾ ਹੈ :—

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦੁ ਬਿਨੁ ਨਹੀ ਕੋਈ ॥ [ਆਸਾ ਨਾਮਦੇਉ ਜੀ, ੪੮੫]

ਉਪਰੋਕਤ ਕਹਾਣੀ ਦੇ ਵਿਅੰਗ ਤੇ ਜੇ ਥੋੜਾ ਡੂੰਘਾ ਵਿਚਾਰ ਕਰੀਏ ਤਾਂ ਸਵਾਲ ਉਠਦਾ ਹੈ, ਕੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੁਰਾਹੀਆ ਕਹਿਣ ਵਾਲੇ ਸੁਜਾਖੇ ਸਨ? ਇਸਲਾਮੀ ਰਾਜ ਦੇ ਅਲਮ-ਬਰਦਾਰਾਂ ਨੇ ਕਿਵੇਂ ਅਕਾਲ ਪੁਰਖ ਜੀ ਦੇ ਭੇਜੇ ਸੁਜਾਖੇ ਸਤਿਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਚਾਰੋਂ ਸ਼ਾਹਿਬਜ਼ਾਦੇ ਅਤੇ ਬੇਅੰਤ ਨਾਮ-ਰਸੀਆਂ ਨੂੰ ਸ਼ਹੀਦ ਕੀਤਾ। ਉਹਨਾਂ ਦੀ ਭੀ ਇਕੋ ਹੀ ਸ਼ਰਤ ਸੀ ਕਿ ਜਾਂ ਤਾਂ ਤੁਸੀਂ ਸਾਡੇ ਵਾਂਗ ਅੰਨ੍ਹੇ ਹੋਵੋ, ਨਹੀਂ ਤਾਂ ਅਸੀਂ ਤੁਹਾਨੂੰ ਸੁਜਾਖਿਆਂ ਨਹੀਂ ਰਹਿਣ ਦੇਣਾ। ਸੁਜਾਖਿਆਂ ਨੇ ਹੱਸ ਹੱਸ ਮੌਤ ਪਰਵਾਨ ਕੀਤੀ, ਪਰ ਅੰਨ੍ਹਾ ਬਣਨਾ ਕਬੂਲ ਨਹੀਂ ਕੀਤਾ। ਕਿਉਂਕਿ ਅੰਧਿਆਂ ਪਾਸ ਡਰਾਉਣ ਦਾ ਜਾਂ ਭੈ ਦੇਣ ਦਾ ਸਭ ਤੋਂ ਵਡਾ ਸਾਧਨ 'ਮੌਤ' ਹੁੰਦਾ ਹੈ, ਪਰ ਸੁਜਾਖਿਆਂ ਨੂੰ ਇਹ ਪਤਾ ਹੈ ਕਿ ਮੌਤ ਇਕ ਅਟੱਲ ਹੁਕਮ ਹੈ ਤੇ ਇਸ ਤੋਂ ਪਿਛੋਂ ਮਰਨ ਨਹੀਂ ਹੁੰਦਾ। ਅੰਧਿਆਂ ਦਾ ਮਰਨ ਤੋਂ ਪਿਛੋਂ ਭੀ ਜਨਮ ਮਰਨ ਨਹੀਂ ਮੁਕਦਾ—ਜੰਮਣੁ ਮਰਣੁ ਨ ਤਿੰਨ੍ ਕਉ ਜੋ ਹਰਿ ਲੜਿ ਲਾਗੇ ॥

ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥੧੬॥ [ਗਉੜੀ ਕੀ ਵਾਰ, ਪੰਨਾ ੩੨੨]

ਉਸ ਅੰਧੇਰ ਨਗਰੀ ਵਿਚ ਭੀ ਫ਼ਿਲਾਸਫ਼ਰ ਸਨ ਜੋ ਆਪਣੇ ਅਨੁਮਾਨ ਨਾਲ ਕੁਦਰਤੀ ਘਟਨਾਵਾਂ ਦੀ ਵਿਆਖਿਆ ਕਰਦੇ ਸਨ। ਪਰ ਸੁਜਾਖਿਆਂ ਵਿਚ ਫ਼ਿਲਾਸਫ਼ਰ ਨਹੀਂ ਹੁੰਦੇ, ਉਹ ਜੋ ਵੇਖਦੇ ਹਨ, ਕਹਿੰਦੇ ਹਨ। ਅੰਧੇਰ-ਨਗਰੀ ਦੇ ਲੋਗ ਕਲਪਨਾਵਾਂ ਤੇ ਪਲਦੇ ਹਨ। ਜਾਗਦੇ ਲੋਕ ਕਲਪਨਾ ਦੇ ਦੇਸ਼ ਦੇ ਵਾਸੀ ਨਹੀਂ ਬਣਦੇ। ਉਹਨਾਂ ਨੂੰ ਚਾਰ ਚੁਫੇਰੇ ਸੱਚੇ ਅਕਾਲ ਪੁਰਖ ਦੇ ਦਰਸ਼ਨ ਹੁੰਦੇ ਹਨ ਤੇ ਉਸਦੇ ਹੁਕਮ ਦਾ ਹਰ ਸ਼ਬਦ ਉਹ ਸੁਣ ਸਕਦੇ ਹਨ। ਉਥੇ ਕੋਈ ਓਲਾਮੇ ਨਹੀਂ ਦਿੰਦਾ, ਸਭ ਭੈ-ਭਾਵਨੀ ਵਿਚ ਅਨੰਦਤ ਰਹਿੰਦੇ ਹਨ। ਪਰ



www.AKJ.Org

ਅੰਧੇਰ-ਨਗਰੀ ਵਿਚ ਕਈ ਤਰ੍ਹਾਂ ਦੇ ਬਖੇੜੇ ਹੀ ਬਖੇੜੇ ਹੁੰਦੇ ਹਨ । ਉਥੇ ਸਦਾ ਹੁਕਮ ਤੋਂ ਉਲਟ ਵਿਉਂਤਾਂ ਘੜੀਆਂ ਜਾਂਦੀਆਂ ਹਨ, ਕਾਰਜ ਪੂਰਤੀ ਲਈ ਤਪ ਸਾਧੇ ਜਾਂਦੇ ਹਨ, ਟੂਣੇ ਤੇ ਕਰਾਮਾਤਾਂ ਦਾ ਸਹਾਰਾ ਭੀ ਲਿਆ ਜਾਂਦਾ ਹੈ, ਤਾਂਕਿ ਹੁਕਮ ਨੂੰ ਟਾਲਿਆ ਜਾ ਸਕੇ ।

ਸਤਿਗੁਰੂ ਜੀ ਨੇ ਸਿਖਾਂ ਨੂੰ ਭੀ ਮਾਨਸਿਕ ਤੌਰ ਤੇ ਅੰਧੇ ਗੁਰੂ ਤੋਂ ਬਚੇ ਰਹਿਣ ਲਈ ਸਾਵਧਾਨ ਕੀਤਾ ਹੈ। ਕਿਉਂਕਿ ਅੰਧੇ ਗੁਰੂ ਦੇ ਸਿਖ ਭੀ ਤਾਂ ਅੰਧ ਹੀ ਹੋਣਗੇ । ਗੁਰਵਾਕ ਹੈ :—

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥ਓਇ ਭਾਣੈ ਚਲਨਿ ਆਪਣੈ,ਨਿਤ ਝੂਠੋ ਝੂਠੁ ਬੋਲੇਨਿ ॥
ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ ॥ ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ ॥
ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ॥੨॥੧੦॥ [ਰਾਮਕਲੀ ਕੀ ਵਾਰ,ਮ: ੩,੯੫੧]

ਭਾਵ ਐਸੇ ਅੰਧੁਲੇ ਸਿਖ ਭੀ ਕੂੜ ਕੁਸਤਿ ਦੀ ਕਮਾਈ ਕਰ ਕੇ ਛਕਦੇ ਛਕਾਂਦੇ ਹਨ ਤੇ ਪਰਾਈ ਨਿੰਦਾ ਕਰ ਕਰ ਕੇ ਆਪ ਭੀ ਡੁਬਦੇ ਹਨ, ਤੇ ਸੰਗੀ-ਸਾਥੀਆਂ ਅਤੇ ਆਪਣੇ ਪਰਿਵਾਰ ਨੂੰ ਭੀ ਸੰਸਾਰ ਸਾਗਰ ਵਿਚ ਡੋਬ ਦਿੰਦੇ ਹਨ । ਸਪਸ਼ਟ ਹੈ :

ਅੰਧੇ ਗੁਰੂ ਤੇ ਭਰਮੁ ਨ ਜਾਈ ॥੩॥੬॥ (ਗਉੜੀ ਮ: ੩, ਪੰਨਾ ੨੩੨)
ਭ੍ਰਮ ਮਹਿ ਸੋਈ ਸਗਲ ਧੰਧ ਅੰਧ ॥ ਕੋਊ ਜਾਗੈ ਹਰਿ ਜਨੁ ॥੧॥ (ਆਸਾ ਮ: ੫, ਪੰ: ੩੮੦)

ਇਸ ਅੰਧੇ ਸੰਸਾਰ ਨੇ ਸਤਿਗੁਰੂ ਸਾਹਿਬਾਨ ਦੇ ਮਨੁਖੀ ਜਾਮੇ ਵਿਚ ਦਸ ਸਰੂਪ ਅੰਨ੍ਹੀਆਂ ਅਖਾਂ ਨਾਲ ਦੇਖੇ। ਹੁਣ ਸ਼ਬਦ ਸਰੂਪ ਦੇ ਦਰਸ਼ਨ ਭੀ ਅੰਨ੍ਹੀਆਂ ਅਖਾਂ ਨਾਲ ਹੀ ਕਰਦੇ ਹਨ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਕੇਵਲ ਦੇਖਣ ਮਾਤ੍ਰ ਨਾਲ ਇਹਨਾਂ ਅੰਨ੍ਹਿਆਂ ਨੂੰ ਸੋਝੀ ਕਿਵੇਂ ਆ ਸਕਦੀ ਹੈ, ਜਦ ਤਕ ਉਹ ਗੁਰੂ ਦੀ ਚਰਨ-ਸ਼ਰਨ ਨਹੀਂ ਲੈਂਦੇ ? ਜਿੰਨਾ ਚਿਰ ਗੁਰੂ ਪਾਤਸ਼ਾਹ ਦੇ, ਉਹ ਹੁਕਮ-ਅਨੁਸਾਰੀ ਨਹੀਂ ਬਣਦੇ ਅਤੇ ਸੱਚੀ ਸਿਫਤ ਸਲਾਹ ਵਿਚ ਨਹੀਂ ਲਗਦੇ, ਉਨਾ ਚਿਰ ਇਹ ਅੰਨ੍ਹਾਪਣ ਦੂਰ ਨਹੀਂ ਹੋ ਸਕਦਾ ।

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥੨੧॥ [ਸਲੋਕ ਮ: ੩—੫੯੪

ਗੁਰਬਾਣੀ ਹਰ ਪ੍ਰਾਣੀ ਨੂੰ, ਜੋ ਉਸਨੂੰ ਸ਼ਰਧਾ ਤੇ ਪਿਆਰ ਨਾਲ ਪੜ੍ਹਦਾ ਹੈ, ਜਾਗਣ ਲਈ ਸਦਾ ਟੁੰਭਦੀ ਹੈ—

ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਣ ਗਾਵੈ ॥
ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥੨॥੧॥ [ਤਿਲੰਗ ਮ: ੯, ਪੰਨਾ ੭੨੬]

ਗੁਰੂ ਮਹਾਰਾਜ ਜੋ ਜਾਗ-ਜਗਾਉਣ ਦੀ ਜੁਗਤੀ ਸਮਝਾਉਂਦੇ ਹਨ, ਉਹ ਸ਼ੁਰੂ ਹੀ ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਤੋਂ ਅਰੰਭ ਹੁੰਦੀ ਹੈ । ਸ੍ਰੀ ਗੁਰੂ ਰਾਮਦਾਸ ਜੀ ਸਿਖ ਨੂੰ ਜਾਗਣ ਦੀ ਜੁਗਤ ਦ੍ਰਿੜ੍ਹ ਕਰਾਉਂਦੇ ਹਨ—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆਂ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿਖ, ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥੧੧॥
[ਗਉੜੀ ਕੀ ਵਾਰ, ਮ: ੪, ਪੰਨਾ ੩੦੫]

ਭਲਕੇ, ਜਾਂ ਸਵਾ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਆਦਿ ਤੋਂ ਵੇਹਲੇ ਹੋ, ਆਪਣੇ ਸਾਈਂ ਨਾਲ ਨਿਤ ਜੁੜਨ ਦੀ ਤਾਕੀਦ ਉਪਰੋਕਤ ਸ਼ਬਦ ਵਿਚ ਹੀ ਸਪਸ਼ਟ ਤੌਰ ਤੇ ਕੀਤੀ ਗਈ ਹੈ । ਇਹ ਸ਼ਬਦ ਸਿਖ ਰਹਿਤ


www.AKJ.Org

ਰਹਿਣੀ ਦਾ ਅਟੱਲ ਧੁਰਾ ਹੈ। ਸਿਖ ਨੇ ਪਹਿਲਾਂ ਨੀਂਦ ਨਾਲ ਘੁਲਣਾ ਹੈ, ਨੀਂਦ ਤੇ ਵਿਜੈ ਪਾਉਣੀ ਹੈ। ਇਹ ਫੈਸਲਾ ਬਾਣੀ ਪੜ੍ਹਨ ਵਾਲੇ ਸਿਖ ਨੇ ਕਰਨਾ ਹੈ ਕਿ ਅਜੇ ਆਲਸ ਤੇ ਗ਼ਫ਼ਲਤ ਦੀ, ਮਾਇਆ-ਮੋਹ ਦੀ ਨੀਂਦ ਵਿਚ ਸੁਤੇ ਹੀ ਰਹਿਣਾ ਹੈ ? ਜਾਂ ਪਲਾਕਾ ਮਾਰ ਕੇ, ਆਲਸ ਪਰ੍ਹਾਂ ਸਿਟ ਕੇ ਤਿਆਰ-ਬਰ-ਤਿਆਰ ਹੋਣਾ ਹੈ ?

ਸਿਖ ਨੌਜਵਾਨ ਇਹ ਕਹਿੰਦੇ ਸੁਣੇ ਹਨ ਕਿ ਸਿਖ ਪੰਥ ਦੇ ਸਿਧਾਂਤ ਤਾਂ ਬਹੁਤ ਹੀ ਉਚੇ ਸੁਚੇ ਹਨ, ਪਰ ਮਹਾਰਾਜ ਨੇ ਅੰਮ੍ਰਿਤ ਵੇਲੇ ਜਾਗਣ ਦਾ ਜੋ ਕਰੜਾ ਹੁਕਮ ਸਿਖਾਂ ਪ੍ਰਤੀ ਕੀਤਾ ਹੈ ਇਹ ਨਰਮ ਹੋਣਾ ਚਾਹੀਦਾ ਹੈ। ਇਹ ਬੜਾ ਔਖਾ ਹੈ ਪਾਲਨ ਕਰਨਾ। ਅਜ ਕਲ੍ਹ ਦੇ ਕਾਲਜਾਂ ਦੇ ਪੜ੍ਹੇ ਲਿਖੇ ਨੌਜਵਾਨ ਜਾਗਣ ਦੀ ਬਜਾਏ ਸੌਣਾ ਜ਼ਿਆਦਾ ਚੰਗਾ ਸਮਝਦੇ ਹਨ।

ਪਰ ਸਤਿਗੁਰ ਜੀ ਜਾਗ-ਜਗਾਉਂਦੇ ਹਨ। ਸਿਖ ਨੇ ਰੋਜ਼ ਅਰਦਾਸ ਕਰਨੀ ਹੈ, ਸਤਿਗੁਰੂ ਜੀ ਸਿਖ ਦੀ ਅਰਦਾਸ ਸੁਣਦੇ ਹਨ ਅਤੇ ਅੰਮ੍ਰਿਤ ਵੇਲਾ ਸੰਭਾਲਣ ਵਿਚ ਸਹਾਈ ਹੁੰਦੇ ਹਨ। ਪਰ ਸ਼ਰਤ ਇਕੋ ਹੈ ਕਿ ਸਿਖ ਆਪ ਮਨੋਂ ਤਗੜਾ ਹੋ ਕੇ ਅੰਮ੍ਰਿਤ ਵੇਲਾ ਸੰਭਾਲਣ ਲਈ ਕਮਰਕਸਾ ਕਰੇ, ਨਹੀਂ ਤਾਂ ਕਬੀਰ ਜੀ ਦੇ ਫ਼ੁਰਮਾਨ ਇਸ ਸੰਬੰਧ ਵਿਚ ਬਹੁਤ ਹੀ ਕਰੜੇ ਹਨ—

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥ (੧੩੭੨)

ਸਚਾ ਸਤਿਗੁਰ ਤਾਂ ਪ੍ਰਤਿਪਾਲਣਾ ਕਰਦਾ ਹੈ, ਪਰ ਜੇ ਸਿਖਾਂ ਵਿਚ ਹੀ ਕਸਰ ਹੋਵੇ ਤਾਂ ਸਿਖ ਨੂੰ ਨਾਮ ਦੀਆਂ ਚੜ੍ਹਦੀਆਂ ਕਲਾਂ ਕਿਥੋਂ ਮਿਲਣ ? ਜੇਕਰ ਸਿਖ ਹੀ ਅੰਧੇ ਬਣ ਕੇ ਮਚਲੇ ਹੋ ਰਹਿਣ ਤਾਂ ਆਤਮਕ ਉਨਤੀ ਦੀ ਗੱਲ ਕਿਵੇਂ ਸੰਭਵ ਹੋ ਸਕਦੀ ਹੈ ?

"ਜਾ ਗੁਰੁ ਕਹੈ ਉਠਹੁ ਮੇਰੇ ਭਾਈ, ਬਹਿ ਜਾਹਿ ਘੁਸਰਿ ਬਗੁਲਾਰੇ ॥" [ਪੰਨਾ ੩੧੨]

ਅੰਧਲੇ ਤੇ ਮਚਲੇ ਹੋ ਕੇ ਸੌਂ ਰਹ ਸਿਖ, ਨਾਮ-ਬਾਣੀ ਦਾ ਰਸ ਮਾਣ ਹੀ ਨਹੀਂ ਸਕਦੇ, ਉਹ ਤਾਂ ਸਿਖੀ ਤੋਂ ਕੋਹਾਂ ਦੂਰ ਭਟਕਦੇ ਫਿਰਦੇ ਹਨ। ਪਰ ਜੋ ਗੁਰੂ ਕੇ ਲਾਲ ਤੀਬਰ ਲਾਲਸਾ ਨਾਲ ਇਉਂ ਗੁਰੂ-ਚਰਨਾਂ ਵਿਚ ਜੋਦੜੀਆਂ ਕਰਦੇ ਹਨ—

ਮੇਰੇ ਅੰਤਰ ਲੋਚਾ ਮਿਲਣ ਕੀ ਪਿਆਰੇ, ਹਉ ਕਿਉ ਪਾਈ ਗੁਰ ਪੂਰੇ ॥
ਜੇ ਸਉ ਖੇਲ ਖੇਲਾਈਐ ਬਾਲਕ, ਰਹਿ ਨ ਸਕੈ ਬਿਨੁ ਖੀਰੇ ॥
ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ, ਜੇ ਸਉ ਭੋਜਨ ਮੈ ਨੀਰੇ ॥
ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ, ਬਿਨੁ ਦਰਸਨ ਕਿਉ ਮਨੁ ਧੀਰੇ ॥ [ਵਡਹੰਸ ਮ: ੫—੫੬੪]

ਹਾਂ ਜੀ, ਜਿਨ੍ਹਾਂ ਬਿਰਹੀ ਜੀਊੜਿਆਂ ਦੇ ਮਨ ਤਨ ਵਿਚ ਪਿਆਰੇ ਦੇ ਮਿਲਾਪ ਦੀ ਚਾਹਨਾ ਹੁੰਦੀ ਹੈ, ਉਹ ਬੈਰਾਗੀਅੜੇ ਗੁਰੂ ਚਰਨਾਂ ਵਿਚ ਜੋਦੜੀਆਂ ਕਰਦੇ ਹੀ ਰਹਿੰਦੇ ਹਨ। ਅਜਿਹੇ ਬਿਰਹੁੰ-ਕੁਠੇ ਗੁਰੂ ਕੇ ਲਾਲਾਂ ਦੀ ਪੁਕਾਰ ਸਤਿਗੁਰੂ ਸੁਣਦਾ ਹੈ ਅਤੇ ਉਨ੍ਹਾਂ ਨੂੰ ਸਤਸੰਗਤ ਵਿਚ ਜੁੜ ਬੈਠਣ ਲਈ ਤਤਪਰ ਕਰਦਾ ਹੈ :—

ਸਤਿਗੁਰੁ ਜਾਗਿ ਜਗਾਇਦਾ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ॥
ਨਿਜ ਘਰਿ ਤਾੜੀ ਲਾਈਅਨੁ ਅਨਹਦ ਸਬਦ ਪਿਰਮ ਰਸ ਖੇਲਾ ॥

ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੭

ਭਾਵ, ਸਤਿਗੁਰੂ ਜੀ ਸਾਧ ਸੰਗਤ ਵਿਖੇ ਅੰਮ੍ਰਿਤ ਵੇਲੇ ਆਤਮਕ ਜਾਗ ਜਗਾਉਂਦੇ ਹਨ ਤੇ ਸਿਖ ਸਹਿਜ ਘਰ ਵਿਚ ਪ੍ਰੇਮ ਰਸ ਵਿਚ ਮਗਨ ਹੋ ਜਾਂਦੇ ਹਨ। ਸਿਖ ਨੇ ਕੁਝ ਉਦਮ ਕਰਨਾ ਹੈ, ਗੁਰੂ ਕਿਰਪਾ ਕਰਦਾ ਹੈ। ਪਰ ਇਸ ਸਾਰੀ ਖੇਲ ਵਿਚ ਈਮਾਨਦਾਰੀ ਨਾਲ ਸਿਖ ਨੇ ਅੰਮ੍ਰਿਤ ਵੇਲੇ ਲਈ ਹੰਭਲਾ ਮਾਰਨਾ ਹੈ। ਕਿਰਪਾ ਹੈ ਤਾਂ ਗੁਰੂ ਦੇ ਹੱਥ, ਪਰ ਸ਼ਰਧਾ ਭਾਵਨੀ ਨਾਲ ਜੋ ਗੁਰੂ ਵਲ ਇਕ ਕਦਮ ਚਲਦਾ ਹੈ ਉਸ ਪਿਆਰੇ ਸਿਖ ਨੂੰ ਗੁਰੂ ਜੀ ਕੋਟ (ਪੈਂਡਾ) ਕਦਮ ਅਗੇ ਹੋ ਕੇ ਲੈਂਦੇ ਹਨ ਤੇ ਪਿਆਰ ਕਰਦੇ ਹਨ।


www.AKJ.Org

# ਮੱਸੇ ਰੰਘੜ ਨੂੰ ਕਰਨੀ ਦਾ ਫਲ (੪)

[ ਕੈਪਟਨ ਸਵਰਨ ਸਿੰਘ ਜੀ ]

ਦਸਮੇਸ਼ ਜੀ ਨੇ ਅਨੰਦਪੁਰ ਸਾਹਿਬ ਛਡਣ ਤੋਂ ਪਹਿਲਾਂ ਆਪਣੇ ਦੋਵੇਂ ਮਹਿਲਾਂ (ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਜੀ) ਨੂੰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਨੂੰ ਤੋਰ ਦਿਤਾ ਸੀ। ਦਮਦਮਾ ਸਾਹਿਬ ਵਿਖੇ ਮਿਲਾਪ ਤੋਂ ਬਾਅਦ ਮਾਤਾ ਸੁੰਦਰੀ ਜੀ ਤਾਂ ਦਿੱਲੀ ਆ ਗਏ ਸਨ, ਪਰ ਮਾਤਾ ਸਾਹਿਬ ਦੇਵਾਂ ਨਾਂਦੇੜ ਤਕ ਦਸਮੇਸ਼ ਜੀ ਦੇ ਨਾਲ ਗਏ। ਜਿਥੋਂ ਸ਼ਹਾਦਤ ਤੋਂ ਕੁਝ ਸਮਾਂ ਪਹਿਲਾਂ ਇਨ੍ਹਾਂ ਨੂੰ ਵਾਪਸ ਦਿੱਲੀ ਹੀ ਭੇਜ ਦਿਤਾ ਸੀ। ਭਾਈ ਮਨੀ ਸਿੰਘ ਜੀ ਮਾਤਾ ਸੁੰਦਰੀ ਜੀ ਦੇ ਨਾਲ ਹੀ ਦਿੱਲੀ ਆ ਗਏ ਸਨ।

ਮਾਤਾ ਸੁੰਦਰੀ ਜੀ ਦਿੱਲੀ ਹੀ ਸਨ ਜਦ ਬੰਦਾ ਸਿੰਘ ਬਹਾਦਰ ਨੂੰ ਉਸ ਦੇ ਸਾਥੀਆਂ ਸਮੇਤ ਇਥੇ ਲਿਆ ਕੇ ਸ਼ਹੀਦ ਕੀਤਾ ਗਿਆ ਸੀ।

ਬੰਦਾ ਸਿੰਘ ਪਿਛੋਂ ਆਪਸੀ ਵਿਰੋਧ ਦੀਆਂ ਕੁਝ ਤੇੜਾਂ ਪੈਣ ਲੱਗ ਪਈਆਂ ਤੇ ਗੱਲ ਫਿਰ ਏਨੀ ਵਧੀ ਕਿ ਦੋ ਧੜੇ ਬਣ ਗਏ - ਇਕ ਤੱਤ ਖਾਲਸਾ ਤੇ ਦੂਜਾ ਬੰਦਈ ਸਿੰਘਾਂ ਦਾ। ਜੇ ਕੋਈ ਬਲਵਾਨ ਤੇ ਸਿਆਣਾ ਆਗੂ ਸਿਰ ਤੇ ਹੁੰਦਾ ਤਾਂ ਇਹ ਪਾੜਾ ਨਾ ਵਧਦਾ ਜਿਸ ਦਾ ਅੰਤ ਇਕ ਦੁਖਾਂਤ ਦੇ ਰੂਪ ਵਿਚ ਹੋਇਆ।

ਮਾਤਾ ਸੁੰਦਰੀ ਜੀ ਨੇ ਇਸ ਅਜੋੜ ਨੂੰ ਮੇਟਣ ਲਈ ਤੇ ਪੰਥ ਦੀ ਯੋਗ ਅਗਵਾਈ ਵਾਸਤੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਭੇਜ ਦਿਤਾ ਕਿ ਸਿੰਘਾਂ ਵਿਚ ਸੁਲ੍ਹਾ ਸਫਾਈ ਕਰਾ ਕੇ ਮਿਲਾਪ ਰਖਿਆ ਜਾਵੇ ਤੇ ਫੁਟ ਨੂੰ ਰੋਕਿਆ ਜਾਵੇ। ਦਰਬਾਰ ਸਾਹਿਬ ਦਾ ਚੜ੍ਹਾਵਾ ਦਿੱਲੀ ਭੇਜਣ ਦੀ ਥਾਂ ਉਥੇ ਰਖ ਕੇ ਲੰਗਰ 'ਚ ਲਾਇਆ ਜਾਵੇ, ਉਸਾਰੀ ਤੇ ਗ਼ਰੀਬ ਦੀ ਸਹਾਇਤਾ ਲਈ ਵਰਤਿਆ ਜਾਵੇ। ਭਾਈ ਸਾਹਿਬ ਜੀ ਨੇ ਇਨ੍ਹਾਂ ਆਦੇਸ਼ਾਂ ਨੂੰ ਇੰਨ ਬਿੰਨ ਪੂਰੀ ਤਰ੍ਹਾਂ ਨਿਭਾਇਆ। ਦਿੱਲੀਓਂ ਆ ਕੇ ਸ਼ਹਾਦਤ ਤਕ ਕਥਾ ਕੀਰਤਨ ਤੇ ਅੰਮ੍ਰਿਤ-ਸੰਚਾਰ ਦੀ ਸੇਵਾ ਵਿਚ ਜੁਟੇ ਰਹੇ ਤੇ ਸਿੰਘਾਂ ਦੀ ਯਥਾ ਯੋਗ ਧਾਰਮਿਕ ਅਗਵਾਈ ਕਰਦੇ ਰਹੇ। ਭਾਈ ਸਾਹਿਬ ਜੀ ਦਸਮੇਸ਼ ਜੀ ਤੋਂ ਵਰੋਸਾਇ ਹੋਏ ਸਨ ਤੇ ਉਨ੍ਹਾਂ ਦੀ ਹਜ਼ੂਰੀ ਵਿਚ ਕਾਫੀ ਸਮਾਂ ਰਹਿ ਚੁਕੇ ਸਨ, ਇਸ ਲਈ ਖਾਲਸਾ ਪੰਥ ਵਿਚ ਇਨ੍ਹਾਂ ਨੂੰ ਸਤਿਕਾਰ ਨਾਲ ਵੇਖਿਆ ਜਾਂਦਾ ਸੀ। ਇਨ੍ਹਾਂ ਦੀ ਜਥੇਦਾਰੀ ਵਿਚ ਅੰਮ੍ਰਿਤ ਛਕਣਾ ਸਿੰਘਾਂ ਵਿਚ ਬੜੇ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ। ਮੁਗ਼ਲ ਸਰਕਾਰ ਦੇ ੧੭੩੩ ਤਕ ਦੇ ਭਿਆਨਕ ਸਮੇਂ ਵਿਚ ਵੀ ਇਨ੍ਹਾਂ ਨੂੰ ਕਿਸੇ ਕੁਝ ਨਹੀਂ ਸੀ ਕਿਹਾ।

ਜਦ ਅਤੀ ਕਹਿਰ ਦਾ ਸਮਾਂ ਆਇਆ ਤਾਂ ਉਹ ਭੇਸ ਬਦਲ ਕੇ ਦਰਬਾਰ ਸਾਹਿਬ ਦੀ ਸੇਵਾ ਲਈ ਪਹਿਲਾਂ ਵਾਂਗ ਹੀ ਉਥੇ ਟਿਕੇ ਰਹੇ। ਮਿੱਠਾ ਸੁਭਾ, ਮਿੱਠੀ ਬੋਲੀ, ਹਰ ਇਕ ਨਾਲ ਪਿਆਰ ਭਰਿਆ ਇਕੋ ਜਿਹਾ ਸਲੂਕ ਤੇ ਕਿਸੇ ਵੀ ਕਿਸਮ ਦੀ ਮੇਰ-ਤੇਰ ਨਾ ਹੋਣ ਕਰਕੇ ਕੁਝ ਉਦਾਸੀ, ਹਿੰਦੂ ਸਾਧੂ ਤੇ ਮੁਸਲਮਾਨ ਸੂਫੀ ਫ਼ਕੀਰ ਵੀ ਇਨ੍ਹਾਂ ਨਾਲ ਟਿਕੇ ਹੋਏ ਸਨ, ਜਿਸ ਕਰਕੇ ਇਨ੍ਹਾਂ ਉਤੇ ਕਿਸੇ ਨੂੰ ਕੋਈ ਸ਼ੱਕ ਨਾ ਪਿਆ। ਇਨ੍ਹਾਂ ਦਾ ਉੱਚਾ ਸੁੱਚਾ ਆਚਰਨ ਤੇ ਸਾਧੂ ਸੁਭਾਉ ਹਰ ਇਕ ਨੂੰ ਆਪਣੇ ਵਲ ਆਕਰਸ਼ਿਤ ਕਰਦਾ ਸੀ। ਇਸ ਲਈ ਸ਼ਹਿਰ ਵਿਚ ਬੜੇ ਹੀ ਹਰ-ਮਨ-ਪਿਆਰੇ ਹੋ ਗਏ ਸਨ। ਇਥੋਂ ਤਕ ਕਿ ਕਾਜ਼ੀ ਅਬਦੁੱਰਜ਼ਾਕ ਤੇ ਮੁਹੰਮਦ ਬਖਸ਼ ਖਾਨ ਵੀ ਇਨ੍ਹਾਂ ਦਾ ਬੜਾ ਸਤਿਕਾਰ ਕਰਦੇ ਸਨ।

ਜ਼ਕਰੀਆ ਖਾਨ ਨੇ ਅੰਮ੍ਰਿਤਸਰ ਵਿਖੇ ਦੀਵਾਲੀ ਦਾ ਮੇਲਾ ਕੁਝ ਸਮੇਂ ਤੋਂ ਬੰਦ ਕੀਤਾ ਹੋਇਆ ਸੀ। ਭਾਈ ਸਾਹਿਬ ਜੀ ਨੇ ਕਾਜ਼ੀ ਨਾਲ ਚੰਗੀ ਰਸਾਈ ਪੈਦਾ ਕਰ ਕੇ ਲਾਹੌਰੋਂ ਇਹ ਇਜਾਜ਼ਤ ਲੈ ਲਈ ਕਿ ਸਿੰਘਾਂ ਨੂੰ ਇਸ ਸਾਲ ਦੀਵਾਲੀ ਦਾ ਮੇਲਾ ਲਾ ਲੈਣ ਦਿਤਾ ਜਾਏ। ਮੇਲੇ ਵਿਚ ਪੂਰਾ ਅਮਨ-ਅਮਾਨ ਰਹੇਗਾ ਤੇ ਮੇਲੇ ਤੋਂ ਅਗਲੇ ਦਿਨ ਸਿੰਘ ਚੁਪ ਚਾਪ ਵਾਪਸ ਚਲੇ ਜਾਣਗੇ, ਕੋਈ ਮਾੜੀ ਘਟਨਾ ਨਹੀਂ ਵਾਪਰੇਗੀ। ਖ਼ਾਨ ਬਹਾਦਰ ਨੇ ਇਜਾਜ਼ਤ ਤਾਂ ਦੇ ਦਿਤੀ, ਪਰ ਨਾਲ ਹੀ ਇਹ ਸ਼ਰਤ ਵੀ ਲਾ ਦਿਤੀ ਕਿ ਮੇਲੇ ਤੋਂ ਬਾਅਦ ਉਹ ਦਸ ਹਜ਼ਾਰ



www.AKJ.Org

ਰੁਪਏ ਮੇਲੇ ਦੇ ਟੈਕਸ ਵਜੋਂ ਖਜ਼ਾਨੇ ਵਿਚ ਜਮਾਅ ਕਰਾਉਣ। ਭਾਈ ਮਨੀ ਸਿੰਘ ਜੀ ਦਾ ਵਿਚਾਰ ਸੀ ਕਿ ਮੇਲੇ ਦੀ ਚੜ੍ਹਤ 'ਚੋਂ ਇਹ ਰਕਮ ਭਰਨੀ ਔਖੀ ਨਹੀਂ ਹੋਵੇਗੀ। ਇਸ ਲਈ ਭਾਈ ਸਾਹਿਬ ਨੇ ਦੂਰ ਨੇੜ, ਥਾਉਂ ਥਾਈਂ ਖਾਲਸੇ ਨੂੰ ਮੇਲੇ ਤੇ ਆਉਣ ਲਈ ਸੱਦੇ ਫੇਰ ਦਿਤੇ। ਕਈ ਸਾਲਾਂ ਤੋਂ ਦਰਬਾਰ ਸਾਹਿਬ ਦੇ ਖੁਲ੍ਹੇ ਦਰਸ਼ਨ ਦੀਦਾਰ ਤੇ ਇਸ਼ਨਾਨ ਨੂੰ ਤਰਸਦੇ ਸਿੰਘ ਹੁਮ ਹਮਾ ਕੇ ਵਹੀਰਾਂ ਘਤ ਤੁਰੇ। ਇਸ ਹੋਣ ਵਾਲੇ ਬੇਸ਼ੁਮਾਰ ਇਕੱਠ ਦੀਆਂ ਖਬਰਾਂ ਲਾਹੌਰ ਵੀ ਅੱਪੜ ਗਈਆਂ। ਕਾਜ਼ੀ ਅਬਦੁੱਰਜ਼ਾਕ ਨੇ ਸੁਰੱਖਿਆ ਪਰਬੰਧ ਲਈ ਕੁਝ ਫ਼ੌਜ ਅਗਾਊਂ ਹੀ ਮੰਗ ਘਲੀ! ਜ਼ਕਰੀਆ ਖਾਨ ਦੀ ਨੀਅਤ ਅੰਦਰੋਂ ਸ਼ਾਇਦ ਪਹਿਲਾਂ ਹੀ ਮੰਦੀ ਸੀ, ਇਸ ਮੌਕੇ ਨੂੰ ਤਾੜ ਕੇ ਕਿ ਮੇਲੇ ਉਤੇ ਬੜੇ ਬੜੇ ਨਾਮੀ ਸਿੰਘ ਸਰਦਾਰ ਇਕੱਠੇ ਹੋਣਗੇ, ਜਿਨ੍ਹਾਂ ਨੂੰ ਇਥੇ ਘੇਰ ਕੇ ਮਾਰ ਮੁਕਾਉਣਾ ਸੌਖਾ ਹੋਵੇਗਾ। ਸੋ ਮੇਲੇ ਦੇ ਬੰਦੋਬਸਤ ਦੇ ਬਹਾਨੇ ਕਾਫ਼ੀ ਫ਼ੌਜ ਸ੍ਰੀ ਅੰਮ੍ਰਿਤਸਰ ਵਿਖੇ ਭੇਜ ਦਿਤੀ।

ਦੂਜੇ ਪਾਸੇ ਬੇਵਜਹ ਫ਼ੌਜ ਦੇ ਇਕੱਠੇ ਹੋਣ ਦਾ ਸਿੰਘਾਂ ਨੂੰ ਸ਼ੱਕ ਪੈ ਗਿਆ। ਉਨ੍ਹਾਂ ਨੇ ਆਪਣੇ ਆਦਮੀ ਭੇਜ ਕੇ ਸ੍ਰੀ ਅੰਮ੍ਰਿਤਸਰ ਵਲ ਨੂੰ ਆ ਰਹੇ ਸਿੰਘਾਂ ਨੂੰ ਰਾਹਾਂ ਵਿਚ ਰੋਕ ਕੇ ਵਾਪਸ ਮੋੜ ਦਿਤਾ ਤੇ ਮੇਲਾ ਨਾ ਭਰ ਸਕਿਆ। ਸਿਰਫ ਸੌ ਪੰਜਾਹ ਉਦਾਸੀ ਸਾਧੂ ਨਿਰਮਲੇ ਤੇ ਫਕੀਰ ਹੀ ਇਕੱਠੇ ਹੋਏ। ਕੋਈ ਆਮਦਨੀ ਨਾ ਹੋਣ ਕਰਕੇ ਟੈਕਸ (ਮੇਲੇ ਦਾ ਠੇਕਾ) ਨਾ ਤਰ ਸਕਿਆ।

ਖਾਨ ਬਹਾਦਰ ਨੇ ਆਪਣੇ ਮਨ ਦੀ ਮੰਦ ਭਾਵਨਾ, ਜਿਸ ਕਰਕੇ ਮੇਲਾ ਨਾ ਲੱਗ ਸਕਿਆ, ਨੂੰ ਤਾਂ ਨਾ ਵਿਚਾਰਿਆ, ਪਰ ਠੇਕੇ ਦੀ ਰਕਮ ਲਈ ਬੜੀ ਤਅੱਦੀ ਦਿਤੀ। ਭਾਈ ਸਾਹਿਬ ਨੇ ਉੱਤਰ ਭੇਜਿਆ ਕਿ ਜਦ ਤੁਸਾਂ ਫ਼ੌਜ ਭਿਜਵਾ ਕੇ ਮੇਲਾ ਹੀ ਨਹੀਂ ਲੱਗਣ ਦਿਤਾ, ਆਮਦਨ ਹੋਈ ਕੋਈ ਨਹੀਂ, ਟੈਕਸ ਕਿਥੋਂ ਦਿਤਾ ਜਾਵੇ। ਸੂਬੇਦਾਰ, ਜੋ ਅੱਗੇ ਹੀ ਖੁਣਸ ਖਾਈ ਬੈਠਾ ਸੀ, ਇਸ ਤੇ ਲੋਹਾ ਲਾਖਾ ਹੋ ਗਿਆ। ਕਾਜ਼ੀ ਅਬਦੁੱਰਜ਼ਾਕ ਨੂੰ ਹੁਕਮ ਦੇ ਕੇ ਭਾਈ ਸਾਹਿਬ ਨੂੰ ਫੜ ਲਾਹੌਰ ਮੰਗਵਾਇਆ। ਟੈਕਸ ਦੀ ਰਕਮ ਪੁਛਣ ਤੇ ਜਦ ਪਹਿਲਾਂ ਵਾਲਾ ਜੁਆਬ ਮਿਲਿਆ ਤਾਂ ਉਨ੍ਹਾਂ ਤੇ ਵਾਹਿਦਾ-ਖਿਲਾਫ਼ੀ ਦਾ ਦੋਸ਼ ਲਾ ਕੇ ਮੁਫਤੀ ਤੋਂ ਫ਼ਤਵਾ ਮੰਗਿਆ, ਜਿਸ ਨੇ ਜੋੜ ਜੋੜ ਕਟ ਕੇ ਕਤਲ ਕਰਨ ਦੀ ਸਜ਼ਾ ਸੁਣਾਉਂਦਿਆਂ ਕਿਹਾ ਕਿ ਅਸਲਾਮ ਕਬੂਲ ਕਰ ਲੈਣ ਨਾਲ ਜਾਨ ਬਚ ਸਕਦੀ ਹੈ ਤੇ ਆਦਰ ਸਤਿਕਾਰ ਵਾਲਾ ਜੀਵਨ ਜੀਉ ਸਕਦੇ ਹੋ। ਭਾਈ ਸਾਹਿਬ ਨੇ ਅਸਲਾਮ ਕਬੂਲ ਕਰਨ ਤੋਂ ਸਾਫ਼ ਇਨਕਾਰ ਕਰਦਿਆਂ ਕਿਹਾ, ਜੋ ਜੀਅ ਵਿਚ ਆਵੇ ਕਰ ਲਵੋ, ਧਰਮ ਹਾਰ ਕੇ ਲਈ ਜ਼ਿੰਦਗੀ ਧ੍ਰਿਗ ਹੈ। ਤੀਜਾ ਹੁਕਮ ਮਿਲਣ ਤਕ ਭਾਈ ਸਾਹਿਬ ਜੀ ਨੂੰ ਜੇਲ੍ਹ ਵਿਚ ਡੱਕ ਦਿਤਾ ਗਿਆ। ਲਾਹੌਰ ਦਿਆਂ ਸਿਖਾਂ ਨੇ ਟੈਕਸ ਵਾਲੀ ਰਕਮ ਤਾਰ ਕੇ ਉਨ੍ਹਾਂ ਨੂੰ ਛੁਡਾਉਣਾ ਚਾਹਿਆ, ਪਰ ਉਨ੍ਹਾਂ ਨੇ ਇਹ ਕਹਿ ਕੇ ਰੋਕ ਦਿਤਾ ਕਿ ਜ਼ੁਲਮ ਤੇ ਬੇਇਨਸਾਫ਼ੀ ਦੀ ਅੱਗ ਨੂੰ ਕੁਰਬਾਨੀ ਨਾਲ ਹੀ ਠੰਡਾ ਕੀਤਾ ਜਾ ਸਕਦੈ। ਇਹ ਸਿਰ ਇਨ੍ਹਾਂ ਦੇ ਲੇਖੇ ਹੀ ਲਾਉਣਾ ਹੈ। ਹਾੜ ਸੁਦੀ ਪੰਜ ਸੰਮਤ ੧੭੯੧ ਬਿਕ: (੨੪ ਜੂਨ ੧੭੩੪ ਈ:) ਨੂੰ ਨਿਖਾਸ ਬਾਜ਼ਾਰ ਵਿਚ ਇਨ੍ਹਾਂ ਨੂੰ, ਬੰਦ ਬੰਦ ਕਟ ਕੇ ਸ਼ਹੀਦ ਕਰ ਦਿਤਾ ਗਿਆ[੧] ਉਨ੍ਹਾਂ ਦੇ ਸਾਥੀਆਂ ਨੂੰ ਚਰਖੜੀਆਂ ਤੇ ਚਾੜ੍ਹ ਕੇ ਉਨ੍ਹਾਂ ਦੇ ਹੱਡ ਪਸਲੀਆਂ ਤੁੜਵਾ ਤੁੜਵਾ ਕੇ ਮਰਵਾ ਦਿਤਾ। ਇਸ ਤੋਂ ਵੱਡਾ ਕਹਿਰ ਜ਼ਕਰੀਆ ਖਾਨ ਨੇ ਇਹ ਢਾਇਆ ਕਿ ਕਾਜ਼ੀ ਅਬਦੁੱਰਜ਼ਾਕ ਨੂੰ ਹੁਕਮ ਦੇ ਕੇ ਸ੍ਰੀ ਦਰਬਾਰ ਸਾਹਿਬ ਦਾ ਸਰੋਵਰ ਲਿਦ, ਮਿਟੀ, ਮਲਬਾ ਤੇ ਡੰਗਰਾਂ ਦੇ ਹੱਡ ਚੰਮ ਵਿਚ ਸੁਟਵਾ ਕੇ ਪੂਰਨਾ ਸ਼ੁਰੂ ਕਰਾ ਦਿਤਾ। ਖ਼ਾਨ ਬਹਾਦਰ ਦੀ ਇਸ ਸਿਰੇ-ਦੀ-ਵਧੀਕੀ ਤੇ ਸ਼ਾਂਤੀ ਦੇ ਪੁੰਜ, ਸੰਤ ਸਰੂਪ ਤੇ ਸਰਬ ਸਾਂਝੇ ਭਾਈ ਮਨੀ ਸਿੰਘ ਦੀ ਅਤੀ ਬੇਦਰਦੀ ਨਾਲ ਕੀਤੀ ਇਸ ਸ਼ਹੀਦੀ ਨੇ ਖਾਲਸੇ ਨੂੰ ਰੋਹ ਚਾੜ੍ਹ ਦਿਤਾ। ਜਿਸ ਜਿਸ ਨੇ ਵੀ ਇਹ ਖ਼ਬਰਾਂ ਸੁਣੀਆਂ, ਬਦਲੇ ਦੀ ਅੱਗ ਨਾਲ ਉਸ ਦਾ ਖ਼ੂਨ ਉਬਲਣ ਲੱਗ ਪਿਆ।

**ਜਾਬਰਾਂ ਦੀ ਸੁਧਾਈ :—**

ਭਲਾ ਖਾਲਸਾ ਏਡੇ ਵੱਡੇ ਜ਼ੁਲਮ ਨੂੰ ਸੁਣ ਕੇ ਕਿਵੇਂ ਚੁਪ ਰਹਿ ਸਕਦਾ ਸੀ। ਜਿਵੇਂ ਮੇਲੇ ਦੇ ਸੱਦੇ ਤੇ ਤਿਆਰ ਹੋ ਕੇ ਵਹੀਰਾਂ ਘਤ ਤੁਰੇ ਸਨ, ਉਂਜ ਹੀ ਫਟ-ਖਾਧੇ ਸ਼ੇਰ ਵਾਂਗ ਬੁਕਦੇ ਹੋਏ ਸ੍ਰੀ ਅੰਮ੍ਰਿਤਸਰ ਦੁਆਲੇ ਆਣ



www.AKJ.Org

ਲਥੇ। ਪਹਿਲੇ ਹਲੇ ਹੀ ਕਾਜ਼ੀ ਅਬਦੁੱਰਜ਼ਾਕ ਦਾ ਕਜ਼ੀਆ ਮੁਕਾਇਆ, ਜਿਸ ਨੇ ਭਾਈ ਸਾਹਿਬ ਨੂੰ ਪਕੜ ਕੇ ਲਾਹੌਰ ਪਹੁੰਚਾਇਆ ਸੀ। ਉਸ ਦਾ ਸਿਰ ਭਾਈ ਮਨੀ ਸਿੰਘ ਦੇ ਭਤੀਜੇ ਅਘੜ ਸਿੰਘ ਨੇ ਵਢਿਆ। ਕਾਜ਼ੀ ਦੇ ਪਿੰਡ ਅਲੀਗੜ੍ਹ ਅੱਪੜ ਕੇ ਉਸ ਦਾ ਸਾਰਾ ਕਟੁੰਬ ਤਹਿ-ਤੇਗ ਕਰ ਦਿਤਾ। ਪਿੰਡ ਦਾ ਨਾਉਂ ਅਲੀਗੜ੍ਹ ਤੋਂ ਬਦਲ ਕੇ ਅਕਾਲ ਗੜ੍ਹ ਰਖਿਆ। ਜਿਸ ਮੁਫ਼ਤੀ ਨੇ ਭਾਈ ਸਾਹਿਬ ਦੇ ਵਿਰੁਧ ਫ਼ਤਵਾ ਦਿਤਾ ਸੀ ਉਸ ਨੂੰ ਉਸ ਦੇ ਪਿੰਡ ਮੁਜ਼ੰਗੀ (ਲਾਹੌਰ ਦੇ ਨਾਲ ਹੀ ਦਖਣ ਲਹਿੰਦੇ ਵਿਚ, ਹੁਣ ਇਹ ਲਾਹੌਰ ਦਾ ਹਿੱਸਾ ਹੀ ਬਣ ਗਿਆ ਹੈ) ਜਾ ਕਾਬੂ ਕੀਤਾ। ਪਹਿਲਾਂ ਉਸ ਦੇ ਸਾਮ੍ਹਣੇ ਉਸ ਦਾ ਸਾਰਾ ਟੱਬਰ ਕੋਹ ਕੋਹ ਕੇ ਮਾਰਿਆ ਤੇ ਫਿਰ ਉਸ ਨੂੰ ਵੀ ਉਂਜ ਹੀ ਭੋਰਾ ਭੋਰਾ ਕੀਤਾ। ਗੁਰਦਵਾਰਾ ਸਾਹਿਬ ਛਡ ਕੇ ਸਾਰਾ ਪਿੰਡ ਸਾੜ ਫੂਕ ਦਿਤਾ। ਇਸ ਤੋਂ ਪਿਛੋਂ ਜਿਧਰ ਜਿਧਰ ਸਿੰਘਾਂ ਦੇ ਦਾਉ ਭਰੇ ਤੇ ਜੋ ਜ਼ਾਲਮ ਸਰਕਾਰੀ ਅਫਸਰ ਸਿੰਘਾਂ ਦੇ ਅੜਿੱਕੇ ਆਇਆ, ਸੋਧ ਦਿਤਾ ਗਿਆ। ਮੁਖ਼ਬਰਾਂ, ਚੁਗਲਾਂ, ਚੌਧਰੀਆਂ ਦੀ ਵੀ ਚੰਗੀ ਖ਼ਬਰ-ਸਾਰ ਲਈ। ਸਾਰੇ ਦੇਸ਼ ਵਿਚ ਅਫਰਾ ਤਫਰੀ ਮੱਚ ਗਈ। ਇਹ ਦੇਖ ਕੇ ਖਾਨ ਬਹਾਦਰ ਨੇ ਗਸ਼ਤੀ ਫੌਜਾਂ ਨਾਲ ਦੂਸਰੀ ਹੋਰ ਫੌਜ ਮਿਲਾ ਕੇ ਸਿੰਘਾਂ ਦੇ ਮਗਰ ਪਾ ਦਿਤੀ। ਚੌਧਰੀਆਂ, ਨੰਬਰਦਾਰਾਂ ਤੇ ਮੁਖਬਰਾਂ ਆਦਿ ਸਰਕਾਰ ਦੇ ਖੈਰਖਾਹਾਂ ਨੂੰ ਸਖ਼ਤ ਪਕਿਆਈ ਕੀਤੀ ਗਈ ਕਿ ਸਿੰਘਾਂ ਨੂੰ ਮਾਰੋ ਜਾਂ ਸੂਹ ਦੇ ਕੇ ਫੜਵਾਉ ਤੇ ਸਰਕਾਰੋਂ ਇਨਾਮ ਪਾਉ। ਪਰ ਸਿੰਘ ਹੁਣ ਕਾਫੀ ਹੁਸ਼ਿਆਰ ਹੋ ਚੁਕੇ ਸਨ। ਖਿੰਡ ਪੁੰਡ ਕੇ ਜੰਗਲਾਂ ਬੇਲਿਆਂ, ਛੰਬਾਂ ਤੇ ਪਹਾੜਾਂ ਵਿਚ ਜਾ ਛੁਪੇ। ਕਈਆਂ ਨੇ ਦਰਿਆਵਾਂ ਦੀਆਂ ਝਲਾਂ ਜਾ ਮਲੀਆਂ, ਬਹੁਤੇ ਸਤਲੁਜ ਟੱਪ ਕੇ ਮਾਲਵੇ ਵਲ ਸਰਕ ਗਏ।[2]

## ਮਾਲਵੇ ਵਿਚ ਸ: ਆਲਾ ਸਿੰਘ ਫੂਲਕੇ ਦੇ ਪੁਤਰ ਲਾਲ ਸਿੰਘ ਦੀ ਸਹਾਇਤਾ—

ਸ: ਆਲਾ ਸਿੰਘ ਦੇ ਪੁਤਰ ਲਾਲ ਸਿੰਘ ਨੇ ਬਾਪ ਪਾਸੋਂ ਕੁਝ ਜਾਗੀਰ ਮੰਗੀ। ਬਾਪ ਨੇ ਕਿਹਾ ਕਿ ਜਦ ਬਾਹੀਂ ਜ਼ੋਰ ਹੋਵੇ ਤਾਂ ਮੰਗਣਾ ਸ਼ੋਭਦਾ ਨਹੀਂ। ਮੈਂ ਵਾਹਿਗੁਰੂ ਦੇ ਬਖ਼ਸ਼ੇ ਬਲ ਨਾਲ ਸਭ ਕੁਝ ਬਣਾਇਆ ਹੈ, ਮੈਨੂੰ ਕਿਸੇ ਤੋਂ ਮੰਗਣ ਦੀ ਲੋੜ ਨਹੀਂ ਪਈ। ਸਿੰਘ ਸਰਦਾਰ ਹੈਂ, ਹਿੰਮਤ ਕਰ ਕੇ ਦੁਨੀਆ ਵਿਚ ਆਪਣੀ ਥਾਂ ਬਣਾ ਲੈ।

ਓਹਨੀਂ ਦਿਨੀਂ ਦਲ ਖਾਲਸਾ ਦਾ ਬੜਾ ਵੱਡਾ ਹਿੱਸਾ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਮਾਲਵੇ ਵਿਚ ਫਿਰ ਰਿਹਾ ਸੀ। ਲਾਲ ਸਿੰਘ ਨੇ ਸਨਮੁਖ ਹੋ ਕੇ ਸਹਾਇਤਾ ਲਈ ਜਾ ਬੇਨਤੀ ਕੀਤੀ। ਨਵਾਬ ਸਾਹਿਬ ਨੇ ਕਿਹਾ ਕਿ ਕਿਸੇ ਮਾੜੇ ਨੂੰ ਨਹੀਂ ਛੇੜਨਾ, ਕਿਸੇ ਆਕੜ ਖਾਂ ਵੱਲ ਉਂਗਲ ਕਰ। ਲਾਲ ਸਿੰਘ ਨੇ ਚਰਖੀ ਦਾਦਰੀ ਦੇ ਇਲਾਕੇ ਵਲ ਇਸ਼ਾਰਾ ਕੀਤਾ, ਜੋ ਨਵਾਬ ਝਜਰ ਦੇ ਮਾਤਹਿਤ ਸੀ। ਨਵਾਬ ਕਪੂਰ ਸਿੰਘ ਮਝੈਲਾਂ ਨੂੰ ਨਾਲ ਲੈ ਕੇ ਚਰਖੀ ਦਾਦਰੀ ਤੇ ਜਾ ਪਿਆ।

ਇਥੋਂ ਦਾ ਹਾਕਮ ਇਸਮਾਈਲ ਖਾਨ ਫੌਜ ਦੇ ਨਾਲ ਸ਼ਹਿਰ ਤੇ ਆਸ ਪਾਸ ਦਿਆਂ ਪਿੰਡਾਂ ਦੇ ਲੋਕਾਂ ਨੂੰ ਲੈ ਕੇ ਸਿੰਘਾਂ ਮੂਹਰੇ ਆ ਡਟਿਆ। ਪਹਿਲੀ ਝੜਪ ਵਿਚ ਹੀ ਉਸ ਦਾ ਦਿਮ ਢਾਣ ਨੱਸ ਤੁਰਿਆ। ਹਾਰਿਆ ਇਸਮਾਈਲ, ਵਧੀਆ ਚਾਰ ਘੋੜੇ ਤੇ ਪੰਜ ਹਜ਼ਾਰ ਨਕਦ ਲੈ ਕੇ ਨਵਾਬ ਕਪੂਰ ਸਿੰਘ ਦੇ ਪੇਸ਼ ਹੋਇਆ ਤੇ ਜਾਨ ਬਚਾਅ ਲਈ। ਸ਼ਹਿਰ ਨੂੰ ਲੁਟਿਆ ਨਾ ਗਿਆ। ਇਲਾਕਾ ਤੇ ਸ਼ਹਿਰ ਲਾਲ ਸਿੰਘ ਦੇ ਹਵਾਲੇ ਕਰ ਦਿਤਾ ਗਿਆ।

ਇਸ ਤੋਂ ਬਾਅਦ ਅਗਲੇਰੇ ਇਲਾਕੇ ਉਗਰਾਹੁਣ ਲਈ ਅੱਗੇ ਨੂੰ ਵਧੇ। ਰਿਆਸਤ ਦੁਜਾਨ ਦਾ ਨਵਾਬ ਅਬਦੁੱਸਮੱਦ ਖ਼ਾਨ, ਪਟੌਦੀ ਦਾ ਨਵਾਬ ਫ਼ੈਜ਼ ਤਲਬ ਖ਼ਾਨ, ਬਹਾਦਰ ਗੜ੍ਹੀਆ ਸ਼ਮਸ਼ੇਰ ਖ਼ਾਨ ਤੇ ਝਾਰਸ ਦੇ ਰਾਜਪੂਤ ਸਿੰਘਾਂ ਨੂੰ ਰੋਕਣ ਲਈ ਜਾਨ ਤੋੜ ਕੇ ਲੜੇ, ਪਰ ਅੰਤ ਨੂੰ ਹਾਰ ਖਾਧੀ। ਨਜ਼ਰ ਨਿਆਜ਼ਾਂ ਖਾਲਸੇ ਨੂੰ ਭੇਟ ਕਰ ਕੇ ਪਿਛਾ ਛੁਡਾਇਆ। ਜਦ ਇਨ੍ਹਾਂ ਖ਼ਬੀ ਖਾਨਾਂ ਦੀ ਹਾਰ ਹੋ ਗਈ ਤਾਂ ਕਿਸੇ ਹੋਰ ਨੇ ਸਿਰ ਨਾ ਚੁਕਿਆ। ਫਿਰ ਗੋਹਾਣਾ, ਰੁਹਤਕ, ਜਗੋਦਾ ਤੇ ਕਾਦਮਾ ਆਦਿਕ ਵੱਡੇ ਵੱਡੇ ਧਨੀ ਕਸਬੇ, ਜੋ ਫਿਰੋਜ਼ਸ਼ਾਹੀ ਨਹਿਰ ਦੇ ਕਿਨਾਰੇ ਵਸਦੇ ਸਨ, ਸੋਧ ਦਿਤੇ।[3]

ਜਾਰਜ ਗੜ੍ਹ ਦਾ ਜਾਰਜ ਟਾਮਸ, ਜੋ ਸੇਂਧੀਆ ਦੀ ਤਰਫ਼ੋਂ ਇਸ ਇਲਾਕੇ ਦਾ ਹਾਕਮ ਸੀ, ਸਿੰਘਾਂ ਦੇ


www.AKJ.Org

ਵਿਰੋਧ ਵਿਚ ਉਠਿਆ। ਛੋਟੀਆਂ ਮੋਟੀਆਂ ਲੜਾਈਆਂ ਤਾਂ ਹੁੰਦੀਆਂ ਰਹੀਆਂ, ਕੋਈ ਜੰਮ ਕੇ ਲੜਾਈ ਨਾ ਹੋਈ। ਦੋਵੇਂ ਧਿਰਾਂ ਬਚਾਉ ਦੀ ਨੀਤੀ ਤੇ ਰਹੇ। ਉਸ ਨੇ ਤਕੜਿਆਂ ਹੋ ਕੇ ਆਪਣਾ ਇਲਾਕਾ ਬਚਾ ਲਿਆ। ਕੋਈ ਧਿਰ ਦੂਜੇ ਤੇ ਭਾਰੂ ਨਾ ਹੋ ਸਕੀ। ਸਿੰਘਾਂ ਨੇ ਜਾਰਜ ਗੜ੍ਹ ਤੋਂ ਹਟ ਕੇ ਮਰੋਲੀ, ਅਲੀਪੁਰ, ਬਲਬ ਗੜ੍ਹ, ਕੋਟਲਾ, ਫਿਰੋਜ਼ ਸ਼ਾਹ ਵਾਲਾ, ਫਰੀਦਾਬਾਦ, ਗਾਜ਼ੀਪੁਰ, ਸੋਹਣਾ, ਨੋਹ, ਟਾਵਰਾ, ਗੁੜਗਾਵਾਂ, ਬਾਦਸ਼ਾਹਪੁਰ, ਪਾਲੀ ਪੋਨਾਨਾ, ਪਲੋਲ, ਪਟਗਾਂਵ ਆਦਿਕ ਸੋਧ ਕੇ ਉਗਰਾਹ ਲਏ। ਮਥਰਾ ਖੁਰਜਾ, ਫ਼ਰੁਖ਼ਾਬਾਦ ਤਕ ਸਿੰਘਾਂ ਦੇ ਜਥੇ ਮਾਰੋ ਮਾਰ ਕਰ ਗਏ। ਇਸ ਸਾਲ ਵਾਪਸ ਮੁੜਦਿਆਂ ਮੂਣਕ ਦਾ ਪਰਗਣਾ ਜਿਤ ਕੇ ਲਾਲ ਸਿੰਘ ਨੂੰ ਦੇ ਦਿਤਾ। ਇਹ ਰਿਆਸਤ ਪਟਿਆਲਾ ਦਾ ਸਦਾ ਲਈ ਹਿੱਸਾ ਬਣ ਗਿਆ।[੪]

## ਹਿੰਦੁਸਤਾਨ ਭਰ ਵਿਚ ਬਦ-ਅਮਨੀ—

ਪੰਜਾਬ ਕੀ, ਸਾਰੇ ਮੁਲਕ ਭਰ ਵਿਚ ਹੀ ਬਦ-ਅਮਨੀ ਫੈਲੀ ਹੋਈ ਸੀ। ਭੀਲ ਪੰਡਾਰੇ, ਡੱਚ, ਅੰਗਰੇਜ਼ ਫ਼ਰਾਂਸੀਸੀ ਤੇ ਸਿਖ ਆਪਣੀ ਆਪਣੀ ਮਲ ਮਾਰਨ ਵਿਚ ਰੁਝੇ ਹੋਏ ਸਨ। ਇਨ੍ਹਾਂ ਵਿਚੋਂ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਅੰਗਰੇਜ਼ ਸਨ। ਮੁਲਕ ਵਿਚ ਤਾਂ ਇਹ ਹਾਲਤ ਬਣੀ ਹੋਈ ਸੀ, ਤੇ ਦਿੱਲੀ ਦਾ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਡੂੰਮਾਂ, ਭੰਡਾਂ ਤੇ ਖੁਸਰਿਆਂ ਦੇ ਰੰਗ-ਤਮਾਸ਼ਿਆਂ ਦੀਆਂ ਮਹਿਫ਼ਲਾਂ ਵਿਚ ਮਸਤ ਸੀ।

## ਤਾਹਰ ਅਲੀ ਸਿਆਲਕੋਟੀਏ ਦੀ ਸਿੰਘਾਂ ਨਾਲ ਝੜਪ—

ਇਸ ਵੇਲੇ ਪੰਜਾਬ ਵਿਚ ਰਾਠ ਸਿੰਘਾਂ ਦੀ ਗਿਣਤੀ ਬਹੁਤ ਥੋੜੀ ਰਹਿ ਗਈ ਸੀ। ਸਿੰਘਾਂ ਉਤੇ ਇਹ ਅਤੀ ਕਸ਼ਟ ਦਾ ਸਮਾਂ ਸੀ। ਵਿਰਲੇ ਟਾਵੇਂ ਜੋ ਸਨ, ਉਹ ਝਾੜੀਂ ਬੂਟੀਂ ਲਗੇ ਹੋਏ ਸਨ। ਨਿਕੇ ਮੋਟੇ ਹਾਕਮਾਂ ਦੀ ਵਾਹਵਾ ਚੜ੍ਹ ਮੱਚੀ ਹੋਈ ਸੀ। ਇਸ ਵੇਲੇ ਤਾਹਰ ਅਲੀ ਖ਼ਾਨ ਸਿਆਲਕੋਟ ਦਾ ਹਾਕਮ ਆਪਣੇ ਘਰ ਸਰਹੰਦ ਵਿਆਹ ਜਾ ਰਿਹਾ ਸੀ। ਹੈਬਤ ਖਾਨ ਰੁਹੇਲੇ ਦੀ ਸਰਦਾਰੀ ਹੇਠ ਡੇਢ ਸੌ ਰੁਹੇਲ ਸਵਾਰ ਰਾਖੀ ਵਜੋਂ ਨਾਲ ਜਾ ਰਹੇ ਸਨ। ਨੌਰੰਗਾ-ਬਾਦ ਪਿੰਡ ਲਾਗੇ* ਮਾਲਵੇ ਵਲੋਂ ਆਏ ਸਿੰਘਾਂ ਦਾ ਇਕ ਜਥਾ ਸ: ਰਾਮ ਸਿੰਘ ਤੇ ਸ: ਦਯਾ ਸਿੰਘ ਦੀ ਸਰਦਾਰੀ ਵਿਚ ਸ੍ਰੀ ਅੰਮ੍ਰਿਤਸਰ ਨੂੰ ਜਾ ਰਿਹਾ ਸੀ। ਤਾਹਰ ਅਲੀ ਦੇ ਟਾਂਡ ਨੂੰ ਟਕਰ ਗਿਆ। ਸਿੰਘ ਗਿਣਤੀ ਵਿਚ ਜ਼ਿਆਦਾ ਨਹੀਂ ਸਨ। ਇਹ ਵੇਖ ਕੇ ਹੈਬਤ ਖਾਨ ਭੂਏ ਹੋ ਗਿਆ ਤੇ ਹੁਕਮ ਲੈ ਕੇ ਸਿੰਘਾਂ ਨੂੰ ਘੇਰ ਕੇ ਫੜਨਾ ਚਾਹਿਆ। ਅਗੋਂ ਸਿੰਘ ਤਲਵਾਰਾਂ ਧੂਹ ਕੇ ਰੁਹੇਲਿਆਂ ਦੇ ਗਲ ਪੈ ਗਏ ਤੇ ਵੇਂਹਦਿਆਂ ਵੇਂਹਦਿਆਂ ਕਈ ਢੇਰ ਹੋ ਗਏ ਤੇ ਕਈ ਫਟ ਖਾ ਕੇ ਤੜਫਣ ਲੱਗ ਪਏ। ਜ਼ਖਮੀਆਂ ਤੋਂ ਬਿਨਾਂ ੩੦ ਰੁਹੇਲੇ ਸਮੇਤ ਹੈਬਤ ਖਾਨ ਦੇ ਥਾਂ ਤੇ ਹੀ ਮਾਰੇ ਗਏ ਤੇ ਬਾਕੀ ਨਸ ਕੇ ਪਿੰਡ ਵਿਚ ਵੜ ਗਏ। ਸਿੰਘ ਵੀ ਆਪਣੇ ਜ਼ਖਮੀਆਂ ਨੂੰ ਲੈ ਕੇ ਝਾੜੀਂ ਜਾ ਵੜੇ। ਤੇ ਆਮ ਰਾਹ ਛੱਡ ਕੇ ਡਾਂਡ ਮੀਂਡੇ ਆਪਣੀ ਮਨਜ਼ਲ ਨੂੰ ਹੋ ਤੁਰੇ। ਇਹੋ ਜਿਹੀਆ ਝੜਪਾਂ ਉਨ੍ਹੀਂ ਦਿਨੀਂ ਨਿਤ ਹੁੰਦੀਆਂ ਰਹਿੰਦੀਆਂ ਸਨ।

ਖਾਨ ਬਹਾਦਰ ਨੇ ਪੰਜਾਬ ਵਿਚ ਭਾਵੇਂ ਸਿੰਘਾਂ ਉਤੇ ਸਿਰੋਂ ਪਰੇ ਹੋ ਕੇ ਸਖ਼ਤੀ ਅਰੰਭੀ ਹੋਈ ਸੀ, ਪਰ ਉਨ੍ਹਾਂ ਕਦੀ ਵੀ ਉਸਦਾ ਕੋਈ ਡਰ ਖੌਫ਼ ਨਹੀਂ ਸੀ ਕਬੂਲਿਆ। ਜਦ ਵੀ ਉਸ ਨੇ ਜਾਂ ਉਸ ਦੇ ਕਿਸੇ ਮਾਤਹਿਤ ਹਾਕਮ ਨੇ ਉਨ੍ਹਾਂ ਦੀ ਅਣਖ ਨੂੰ ਵੰਗਾਰਿਆ, ਸਿੰਘਾਂ ਸਦਾ ਕਠਨ ਤੋਂ ਕਠਨ ਸਥਿਤੀ ਵਿਚ ਹੁੰਦਿਆਂ ਹੋਇਆਂ ਵੀ ਉਸ ਵਗਾਰ ਦਾ ਢੁਕਵਾਂ ਉੱਤਰ ਦਿਤਾ।

ਇਨ੍ਹੀਂ ਦਿਨੀਂ ਜਦ ਕੁਤਬੁੱਦੀਨ ਜਾਲੰਧਰੀਏ ਨੇ ਕਰਤਾਰਪੁਰ ਵਿਖੇ ਥੰਮ੍ਹ ਸਾਹਿਬ ਗੁਰਦਵਾਰਾ ਸਾੜ ਦਿਤਾ ਤਾਂ ਸਿੰਘਾਂ ਦੀਆਂ ਅਖਾ ਚੋਂ ਲਹੂ ਚੋਣ ਲੱਗ ਪਿਆ। ਬਾਘ ਸਿੰਘ ਆਹਲੂਵਾਲੀਆ ਸੁਣ ਕੇ ਰਹਿ ਨਾ ਸਕਿਆ।

* ਇਹ ਪਿੰਡ ਪੁਰਾਣੀ ਜਰਨੈਲੀ ਸੜਕ ਉਤੇ ਹੈ, ਜੋ ਲਾਹੌਰੋਂ ਗੋਇੰਦਵਾਲ ਥਾਣੀਂ ਹੋ ਕੇ ਦਿਲੀ ਜਾਂਦੀ ਸੀ। ਤਰਨ ਤਾਰਨੋਂ ੮ ਕਿਲੋਮੀਟਰ ਚੜ੍ਹਦੇ ਵਿਚ—ਜ਼ਿਲਾ ਅੰਮ੍ਰਿਤਸਰ। ਇਸ ਸੜਕ ਨੂੰ ਪੱਕਿਆਂ ਕਰ ਦਿਤਾ ਗਿਆ ਹੈ। ਸ਼ੇਰ ਸ਼ਾਹ ਸੂਰੀ ਵਲੋਂ ਬਣਵਾਏ ਹੋਏ ਸਤੂਨ ਇਸ ਸੜਕ ਦੇ ਨਾਲ ਨਾਲ ਅੱਜ ਵੀ ਨਜ਼ਰ ਆਉਂਦੇ ਹਨ।


www.AKJ.Org

ਐਧਰੋਂ ਉਧਰੋਂ ਦੋ ਕੁ ਸੌ ਘੋੜ-ਸਵਾਰ ਸਿੰਘ ਲੈ ਕੇ ਜਲੰਧਰ ਨੂੰ ਚੜ੍ਹ ਪਿਆ। ਸਬੱਬ ਨਾਲ ਐਸਾ ਢੋਅ ਢੁਕਾ ਕਿ ਅੱਗੇ ਕੁਤਬੁੱਦੀਨ ਦਰਿਆ ਬਿਆਸ ਦੀ ਕਾਛੜ ਵਿਚ ਸਿੰਘਾਂ ਨੂੰ ਫੜਨ ਲਈ ਦੌਰੇ ਤੇ ਆਇਆ ਹੋਇਆ ਸੀ ਤੇ ਕਾਣੇ ਢਿਲਵਾਂ ਲਾਗੇ ਸ਼ਿਕਾਰ ਖੇਡ ਰਿਹਾ ਸੀ। ਬਾਘ ਸਿੰਘ ਨੂੰ ਆਉਂਦਾ ਵੇਖ ਕੇ ਨੱਠ ਚਲਿਆ, ਪਰ ਬਾਜ਼ ਮੂਹਰੇ ਬਟੇਰੇ ਦੀ ਕੀ ਵੱਟਤ। ਬਾਘ ਸਿੰਘ ਨੇ ਘੋੜਾ ਛੇੜ ਪਿਛੋਂ ਮਿਲ ਕੇ ਉਸਦੇ ਘੋੜੇ ਦੀ ਖੁਚ ਲਾਹ ਦਿਤੀ। ਡਿਗਦੇ ਨੂੰ ਹੀ ਦਬੋਚ ਕੇ ਮੁਸ਼ਕਾਂ ਕੱਸ ਦਿਤੀਆਂ। ਨਾਲ ਦੀ ਫ਼ੌਜ ਸਾਧਾਰਨ ਜਿਹੀ ਟੱਕਰ ਪਿਛੋਂ ਖਾਨ ਨੂੰ ਬਧਾ ਹੀ ਛੱਡ ਕੇ ਜਲੰਧਰ ਵੱਲ ਨਠ ਗਈ। ਕੁਤਬੁੱਦੀਨ ਨੇ ਜੋ ਕੁਕਰਮ ਕੀਤਾ ਸੀ, ਉਸਨੂੰ ਅਜੇ ਥੋੜੇ ਦਿਨ ਹੀ ਪਏ ਸਨ। ਉਸ ਵਲੋਂ ਚਾੜ੍ਹੀ ਹੋਈ ਭਾਜੀ ਭੌਂਦੇ ਪੈਰੀਂ ਮੋੜ ਦਿਤੀ। ਕਰਤਾਰਪੁਰ ਲਿਜਾ ਕੇ ਥੰਮ੍ਹ ਸਾਹਿਬ ਵਾਲੀ ਥਾਂ ਤੇ ਅੱਗ ਵਿਚ ਜਿਊਂਦੇ ਨੂੰ ਸਾੜ ਕੇ ਸਾਵਾਂ ਬਦਲਾ ਲੈ ਲਿਆ।

ਸ: ਬਾਘ ਸਿੰਘ ਨੇ ਇਥੇ ਹੀ ਸੁਣਿਆ ਕਿ ਪੰਜਾਹ ਕੁ ਵਧੀਆ ਨਸਲ ਦੇ ਘੋੜੇ ਬਾਦਸ਼ਾਹ ਦੇ ਅਸਤਬਲ ਲਈ ਦਿੱਲੀ ਨੂੰ ਲਿਜਾਏ ਜਾ ਰਹੇ ਹਨ ਤੇ ਅੱਜ ਵਜ਼ੀਰ ਦੇ ਪਤਣੋਂ ਪਾਰ ਹੋਣਗੇ। ਉਹ ਦਰਿਆ ਟੱਪ ਕੇ ਸੱਜੇ ਕੰਢੇ ਤੇ ਝਲ ਵਿਚ ਸ਼ਹਿ ਲਾ ਕੇ ਬੈਠ ਗਏ। ਘੋੜੇ ਪਹੁੰਚੇ ਤੇ ਜਦ ਬੇੜੀਆਂ ਵਿਚ ਚੜ੍ਹਾਉਣ ਲੱਗੇ, ਸਿੰਘ ਨੇਜ਼ੇ ਉਲਾਰਦੇ ਹੋਏ ਇੰਜ ਅਚਨਚੇਤ ਪਏ ਕਿ ਹਫੜਾ ਦਫੜੀ ਮਚਾ ਕੇ ਸਾਰੇ ਘੋੜੇ ਖੋਹ ਕੇ ਝਲ ਵਿਚ ਅਲੋਪ ਹੋ ਗਏ।

## ਨਾਦਰ ਸ਼ਾਹ ਦਾ ਹਿੰਦੁਸਤਾਨ ਉਤੇ ਹਮਲਾ—

ਨਾਦਰ ਸਾਹ, ਜਿਸਦਾ ਜੰਮ ਪਲ ਇਕ ਆਜੜੀ ਦੇ ਘਰ ਦਾ ਸੀ ਨੇ ਛੋਟੀ ਉਮਰੇ ਹੀ ਹਿੰਦੁਸਤਾਨ ਵਿਚ ਅਥਾਹ ਧਨ ਪਦਾਰਥ ਦੇ ਕਿੱਸੇ ਸੁਣ ਰਖੇ ਸਨ। ਜਦ ਉਸ ਦੀ ਕਿਸਮਤ ਨੇ ਪਲਟਾ ਖਾਧਾ ਤੇ ਇਹ ਕੈਸਪੀਨ ਸਾਗਰ ਦੇ ਕੰਢੇ ਦਾ ਗਰੀਬ ਆਜੜੀ ਆਪਣੇ ਬਲ ਤੇ ਉੱਦਮ ਨਾਲ ਈਰਾਨ ਦੇ ਤਖ਼ਤ ਦਾ ਮਾਲਕ ਬਣ ਗਿਆ ਤਾਂ ਹਿੰਦੁਸਤਾਨ ਦਾ ਮਾਲ ਧਨ ਹਥਿਆਉਣ ਲਈ ਦਿਲ ਮਚਲ ਉਠਿਆ। ਕਿਉਂ ? ਈਰਾਨ ਦੀਆਂ ਮੁਹਿੰਮਾਂ ਸਰ ਕਰਨ ਵਿਚ ਸਾਰਾ ਖਜ਼ਾਨਾ ਖ਼ਾਲੀ ਹੋ ਗਿਆ ਸੀ ਤੇ ਇਸ ਨੂੰ ਭਰਨ ਲਈ ਦੌਲਤ ਦੀ ਫ਼ੌਰੀ ਲੋੜ ਸੀ। ਇਸ ਲਈ ਉਸ ਨੂੰ ਸਬੱਬ ਨਾਲ ਬਹਾਨਾ ਵੀ ਚੰਗਾਂ ਮਿਲ ਗਿਆ ਸੀ। ਉਸ ਦੇ ਅਫ਼ਗਾਨ ਬਾਗੀ ਭਜ ਕੇ ਹਿੰਦੁਸਤਾਨ ਦੇ ਪਾਤਸ਼ਾਹ ਮੁਹੰਮਦ ਸ਼ਾਹ ਰੰਗੀਲੇ ਪਾਸ ਪਨਾਹ ਲਈ ਬੈਠੇ ਸਨ। ਉਸ ਪਾਸ ਜੋ ਸਫ਼ਾਰਤਾਂ ਇਨ੍ਹਾਂ ਨੂੰ ਵਾਪਸ ਕਰ ਦੇਣ ਲਈ ਭੇਜੀਆਂ ਸਨ, ਉਨ੍ਹਾਂ ਦਾ ਕੋਈ ਢੁਕਵਾਂ ਹੁੰਗਾਰਾ ਨਹੀਂ ਸੀ ਭਰਿਆ ਉਸ ਨੇ।

ਜਨਵਰੀ ੧੭੩੯ ਈ: ਨੂੰ ਹਿੰਦੁਸਤਾਨ ਪਰ ਹੱਲੇ ਦੀ ਨੀਅਤ ਨਾਲ ਬੜਾ ਤਕੜਾ ਈਰਾਨੀ ਲਸ਼ਕਰ ਲੈ ਕੇ ਲਾਹੌਰ ਆਣ ਪੁਜਾ। ਜ਼ਕਰੀਆ ਖਾਨ ਉਸ ਦਾ ਟਾਕਰਾ ਨਾ ਕਰ ਸਕਿਆ ਤੇ ੨੧ ਲਖ ਨਕਦ ਦੇ ਕੇ ਉਸ ਦੀ ਈਨ ਮੰਨ ਲਈ। ਨਾਦਰ ਸ਼ਾਹ ਛੇਤੀ ਹੀ ਦਿੱਲੀ ਨੂੰ ਕੂਚ ਕਰ ਗਿਆ। ਪਾਨੀਪੱਤ ਦੇ ਮੈਦਾਨ ਵਿਚ ਮੁਹੰਮਦ ਸ਼ਾਹ ਦੇ ਲਾਮ-ਲਸ਼ਕਰ ਨੇ ਬੁਰੀ ਤਰ੍ਹਾਂ ਹਾਰ ਖਾਧੀ। ਨਾਦਰ ਸ਼ਾਹ ਜੇਤੂ ਦੀ ਹੈਸੀਅਤ ਵਿਚ ਦਿੱਲੀ ਅੰਦਰ ਦਾਖ਼ਲ ਹੋਇਆ। ਮੁਗਲ ਹਕੂਮਤ ਦੀ ਤਾਕਤ ਟੁਟ ਗਈ।

ਕੁਝ ਦਿਨਾਂ ਪਿਛੋਂ ਦਿੱਲੀ ਵਿਚ ਹੋਈ ਕਤਲਾਮ ਤੇ ਫਿਰ ਉਸ ਦੇ ਬੁਰੀ ਤਰ੍ਹਾਂ ਲੁਟ ਪੁਟ ਕੇ ਤਬਾਹ ਕਰ ਦੇਣ ਨਾਲ ਜੋ ਰਾਮ-ਰੌਲਾ ਪਿਆ, ਸਿੰਘ ਵੀ ਇਸ ਨੂੰ ਵੇਖ ਰਹੇ ਸਨ। ਇਸ ਬਣ ਚੁਕੀ ਹਾਲਤ ਨੂੰ ਤਾੜ ਕੇ, ਇਸ ਤੋਂ ਲਾਭ ਉਠਾਉਣ ਲਈ ਆਪਣੀਆਂ ਪਨਾਹਗਾਹਾਂ 'ਚੋਂ ਬਾਹਰ ਨਿਕਲਣ ਦੀ ਸੋਚੀ। ਇੰਨੇ ਚਿਰ ਨੂੰ ਨਾਦਰ ਸ਼ਾਹ ਵੀ ਸ਼ਾਹੀ ਖ਼ਜਾਨਿਆਂ, ਸਮੇਤ ਤਖ਼ਤੇ ਤਾਊਸ ਰਾਜਧਾਨੀ ਤੇ ਉਸ ਦੇ ਦੁਆਲੇ ਦੀ ਲੁਟ ਨਾਲ ਲੱਦਿਆ ਪਥਿਆ ਹੋਇਆ, ਤੇ ਹਜ਼ਾਰਾਂ ਖ਼ੂਬਸੂਰਤ ਤੇ ਜਵਾਨ ਕੁੜੀਆਂ ਮੁੰਡੇ ਬੰਦੀ ਬਣਾ ਕੇ ਦਿੱਲੀ ਤੋਂ ਵਾਪਸ ਈਰਾਨ ਨੂੰ ਤੁਰਿਆ। ਗਰਮੀ ਦੀ ਰੁਤ ਆ ਗਈ ਸੀ ਤੇ ਉਹ ਇਸ ਤੋਂ ਬਚਣ ਲਈ ਜਲਦੀ ਜਲਦੀ ਇਸ ਮੁਲਕ ਦੀ ਹਦੋਂ ਪਾਰ ਹੋਣਾ ਚਾਹੁੰਦਾ ਸੀ। ਕਾਫ਼ੀ ਲੱਦਿਆ ਪਥਿਆ ਹੋਣ ਕਰਕੇ ਕੂਚ ਵੇਲੇ ਚਾਲ ਬੜੀ ਧੀਮੀ ਸੀ। ਅੱਧ ਮਈ ਤੱਕ ਉਹ ਸਰਹੰਦ ਪੁਜਾ। ਜੇਠ ਦੀਆਂ ਕੜਾਕੇਦਾਰ ਧੁਪਾਂ ਤੇ ਲੂ ਤੋਂ ਬਚਣ ਲਈ


www.AKJ.Org

ਸਰਹੰਦੋਂ ਸੱਜੇ ਹੱਥ ਨੂੰ ਮੁੜ ਕੇ ਪਹਾੜ ਦੀ ਕੰਢੀ ਦੇ ਨਾਲ ਨਾਲ ਸਿਆਲਕੋਟ ਨੂੰ ਹੋ ਤੁਰਿਆ।

**ਨਾਦਰ ਸ਼ਾਹ ਦੀ ਲੁਟ ਸਿੰਘਾਂ ਲੁਟ ਲਟੀ—**

ਇਸ ਰਾਹੇ ਧੁਪ ਤੇ ਲੂ ਤੋਂ ਨਾਦਰ ਸ਼ਾਹ ਬਚ ਗਿਆ, ਪਰ ਇਹ ਉਸ ਲਈ ਬੜਾ ਹਾਨੀਕਾਰਕ ਸਿੱਧ ਹੋਇਆ। ਕੀਰਤਪੁਰ ਸਾਹਿਬ ਤੇ ਅਨੰਦਪੁਰ ਸਾਹਿਬ ਦੀਆਂ ਪਹਾੜੀਆਂ ਵਿਚ ਦਿਨ-ਕਟੀ ਲਈ ਟਿਕੇ ਹੋਏ ਸਿੰਘਾਂ ਦੇ ਕਈ ਜਥੇ ਚਿਰ ਕੇ ਰਸਦ ਪਠੇ ਤੋਂ ਟਟੇ ਹੋਏ ਸਨ। ਪਹਾੜੀ ਇਲਾਕਾ ਕਾਰਵਾਈ ਲਈ ਸਿੰਘਾਂ ਦੇ ਬੜਾ ਅਨਕੂਲ ਸੀ। ਉਹ ਅਚਨਚੇਤ ਉਸ ਦੇ ਵਹੀਰ ਤੇ ਟੁਟ ਪੈਂਦੇ, ਹਫੜਾ ਦਫੜੀ ਮੱਚ ਜਾਂਦੀ, ਜੋ ਅੜਦਾ ਉਸਨੂੰ ਝਾੜ ਕੇ, ਮਾਲ ਅਸਬਾਬ, ਰਸਦ ਪਠਾ ਲੁਟ ਕੇ, ਤੇ ਬੰਦੀ ਬਣਾਏ ਮੁੰਡੇ ਕੁੜੀਆਂ ਦੇ ਜੂੜ ਵੱਢ ਕੇ, ਉਨ੍ਹਾਂ ਨੂੰ ਨਾਲ ਲੈ ਕੇ ਨਾਦਰ ਸ਼ਾਹ ਦੀ ਮਾਰ ਚੋਂ ਦੂਰ ਹੋ ਜਾਂਦੇ। ਦਰਿਆ ਟੱਪਦੇ ਨੂੰ ਕਈ ਦਿਨ ਲੱਗੇ ਤੇ ਸਿੰਘ ਉਸ ਦੀ ਲੁਟ ਨੂੰ ਦਿਨੇ ਰਾਤੀਂ ਲੁਟਦੇ ਰਹੇ। ਨਾਦਰ ਸ਼ਾਹ ਦੇ ਪਾਰ ਹੁੰਦਿਆਂ ਸਾਰ ਸਿੰਘ ਵੀ ਟੱਪ ਕੇ ਮਗਰੇ ਲੱਗ ਗਏ। ਬਿਆਸ ਤਕ ਸੱਜੇ, ਖੱਬੇ, ਪਿਛੋਂ, ਗੱਲ ਕੀ ਜਿਧਰੋਂ ਦਾਅ ਲੱਗਾ, ਸਿੰਘ ਛਾਪੇ ਮਾਰ ਮਾਰ ਕੇ ਲੁਟਦੇ ਤੇ ਵਕਾਂ ਛੁਡਾਂਦੇ ਰਹੇ। ਨਿਕੇ ਜਿਹੇ ਖਦਸ਼ੇ ਤੇ ਹੀ ਲਸ਼ਕਰ ਵਿਚ ਜਰਸ (ਅਲਾਰਮ) ਵਜਣ ਲੱਗ ਪੈਂਦੇ ਤੇ 'ਸਿਖ ਆ ਗਏ' 'ਸਿਖ ਆ ਗਏ,' 'ਵੇਲਾ ਹੋ ਗਿਆ ਜੇ', 'ਖਬਰਦਾਰ !' 'ਖਬਰਦਾਰ !'[੫]

ਬਿਆਸ ਤੋਂ ਅੱਗੇ ਸਿੰਘਾਂ ਦੇ ਹੋਰ ਜਥੇ ਮਗਰ ਲੱਗ ਗਏ ਤੇ ਇਸ ਤਰ੍ਹਾਂ ਜਿਹਲਮ ਪਾਰ ਤਕ ਮਗਰ ਲਗੇ ਗਏ ਤੇ ਨਾਦਰ ਸ਼ਾਹ ਦਾ ਬਹੁਤ ਸਾਰਾ ਭਾਰ ਹੌਲਾ ਕਰ ਦਿਤਾ ਤੇ ਵਕਾਂ ਛੁਡਾ ਲਈਆਂ। ਜੋ ਬੜੇ ਜਿਹੇ ਬੰਦੀ ਰਹਿ ਗਏ, ਉਹ ਉਸ ਨੇ ਮਾਯੂਸ ਹੋ ਕੇ ਜਿਹਲਮ ਪਾਸ ਆਪ ਹੀ ਛੱਡ ਦਿਤੇ। ਦਿੱਲੀ ਦੀ ਲੁਟ ਦਾ ਬਹੁਤ ਸਾਰਾ ਮਾਲ ਈਰਾਨ ਜਾਣ ਦੀ ਥਾਂ ਪੰਜਾਬ ਵਿਚ ਹੀ ਰਖ ਲਿਆ।

**ਸਿੰਘਾਂ ਬਾਰੇ ਨਾਦਰਸ਼ਾਹ ਦੀ ਪੇਸ਼ੀਨਗੋਈ—**

ਈਰਾਨ ਦੇ ਤਖ਼ਤ ਤੇ ਕਬਜ਼ਾ ਕਰ ਕੇ ਸਾਰੇ ਈਰਾਨ, ਤੁਰਕਿਸਤਾਨ ਤੇ ਅਫ਼ਗਾਨਿਸਤਾਨ ਨੂੰ ਆਪਣੀ ਅੱਡੀ ਥੱਲੇ ਨਪ ਲੈਣ ਵਾਲਾ, ਅਫ਼ਗਾਨਾਂ ਨੂੰ ਲੁਟ ਪੁਟ ਤੇ ਮਾਰ ਮਾਰ ਕੇ ਸਿਧਿਆ ਕਰ ਦੇਣ ਵਾਲਾ, ਮੁਗਲਾਂ ਦੀ ਹਿੰਦੁਸਤਾਨ ਵਿਚ ਦੋ ਸੌ ਸਾਲ ਤੋਂ ਵਧ ਸਮੇਂ ਤੱਕ ਪੁਸ਼ਤ-ਦਰ-ਪੁਸ਼ਤ ਪੱਕੇ ਪੈਰੀਂ ਜੰਮੀ ਹੋਈ ਹਕੂਮਤ ਨੂੰ ਭੰਨ ਤੋੜ ਦੇਣ ਵਾਲਾ, ਤਲਵਾਰ ਦੇ ਜ਼ੋਰ ਨਾਲ ਆਪਣੇ ਪੁਤ ਨਾਸਰ ਸ਼ਾਹ ਨਾਲ ਮੁਗਲ ਸਮਰਾਟ ਦੀ ਲੜਕੀ ਵਿਆਹ ਲਿਜਾਣ ਵਾਲਾ, ਮੁਗਲ ਰਾਜ ਦੀ ਰਜਧਾਨੀ ਵਿਚ ਕਤਲਾਮ ਮਚਾ ਕੇ ਪੂਰੀ ਤਰ੍ਹਾਂ ਲੁਟ ਪੁਟ, ਸਾੜਫੂਕ ਕੇ ਬਰਬਾਦ ਕਰ ਦੇਣ ਵਾਲਾ, ਕਦੇ ਕੋਈ ਗਲ ਚਾਂਸ ਤੇ ਨਾ ਛਡਣ ਵਾਲਾ[੬], ਤੇ ਜਿਸ ਦੇ ਨਾਉਂ ਤੋਂ ਏਸ਼ੀਆ ਤੇ ਯੂਰਪ ਨੂੰ ਕਾਂਬਾ ਛਿੜ ਜਾਂਦਾ ਸੀ, ਉਹ ਨਾਦਰ ਸ਼ਾਹ ਡਾਢਾ ਸੂਰਮਾ ਜੰਗਲਾਂ ਵਿਚ ਫਾਕੇ ਕਟ ਕੇ ਗੁਜ਼ਾਰਾ ਕਰਦੇ ਤੇ ਸਦਾ ਮੌਤ ਦੇ ਪਰਛਾਵੇਂ ਥਲੇ ਰਹਿੰਦੇ ਸਿੰਘਾਂ ਹਥੋਂ ਆਤਰ ਹੋ ਕੇ ਇਸ ਤਰ੍ਹਾਂ ਬਿਲਬਿਲਾ ਉਠਿਆ ਕਿ ਜਦ ਵਾਪਸ ਮੁੜਦਾ ਸਿਆਲਕੋਟ ਪਾਸ ਮਈ ਦੇ ਅਖੀਰ ਵਿਚ ਜ਼ਕਰੀਆ ਖਾਨ ਨੂੰ ਮਿਲਿਆ ਤਾਂ ਉਸ ਨੂੰ ਪਹਿਲਾ ਸਵਾਲ ਇਹ ਕੀਤਾ ਕਿ ਜਿਨ੍ਹਾਂ ਸਿਖ ਕਜ਼ਾਕਾਂ ਨੇ ਮੇਰਾ ਰਤੀ ਵੀ ਡਰ ਨਹੀਂ ਮੰਨਿਆ ਤੇ ਮੇਰੀ ਦਿੱਲੀ ਦੀ ਲੁਟ ਨਾਲ ਲੱਦੀ ਹੋਈ ਫ਼ੌਜ ਦਾ ਪਿਛਾ ਲੁਟ ਮਾਰਿਆ ਹੈ ਤੇ ਜਿਨ੍ਹਾਂ ਦੇ ਹੱਲਿਆਂ ਡਰੋਂ ਮੇਰੀ ਫ਼ੌਜ ਦੀ ਕੂਚ ਵੇਲੇ ਰਾਹ ਵਿਚ ਤਰਤੀਬ ਬਾਰ ਬਾਰ ਟੁਟ ਜਾਂਦੀ ਹੈ, ਤੇ ਫ਼ੌਜ ਵਿਚ ਖ਼ਤਰੇ ਦੇ ਨਿੱਤ ਅਲਾਰਮ ਵਜਦੇ ਰਹਿੰਦੇ ਹਨ, ਇਹ ਕੌਣ ਲੋਕ ਹਨ ? ਏਨ੍ਹਾਂ ਦੀ ਏਡੀ ਜੁਰਅਤ ਕਿ ਸ਼ੇਰ ਬੱਬਰ ਦੀਆਂ ਮੁਛਾਂ ਨੂੰ ਹੱਥ ਪਾ ਕੇ ਉਸ ਦੀਆਂ ਜਾੜ੍ਹਾਂ 'ਚੋਂ ਮਾਸ ਖਿਚ ਲੈਣ।

ਖ਼ਾਨ ਬਹਾਦਰ ਨੇ ਗੰਭੀਰਤਾ ਨਾਲ ਜੁਆਬ ਦਿਤਾ ਕਿ : ਜਹਾਂ ਪਨਾਹ ! ਇਹ ਫ਼ਕੀਰਾਂ ਦਾ ਅਜਬ ਢੰਗ ਦਾ ਟੋਲਾ ਹੈ ਤੇ ਇਨ੍ਹਾਂ ਨੂੰ ਖਾਲਸਾ ਪੰਥ ਕਿਹਾ ਜਾਂਦਾ ਹੈ। ਇਹ ਛੇ ਮਹੀਨਿਆਂ ਪਿਛੋਂ ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਕਰਨ ਆਉਂਦੇ ਹਨ ਤੇ ਕਰ ਕੇ ਮੁੜ ਜਾਂਦੇ ਹਨ। ਅਸੀਂ ਇਨ੍ਹਾਂ ਨੂੰ ਮਾਰ ਮਾਰ ਹੰਭ ਗਏ ਹਾਂ, ਇਹ ਮੁਕਣ ਵਿਚ ਨਹੀਂ ਆਉਂਦੇ। ਗੁਲਾਬ ਦੇ ਬੂਟੇ ਵਾਂਗ ਜਿਉਂ ਜਿਉਂ ਵਢਦੇ-ਕਟਦੇ ਹਾਂ ਤਿਉਂ ਤਿਉਂ ਵਧੇਰੇ



www.AKJ.Org

ਫੈਲਦੇ ਹਨ। ਪਲੇ ਪਲਾਏ ਹੀ, ਆ ਕੇ ਆਬ-ਏ-ਹਯਾਤ ਪੀ ਕੇ ਇਸ ਮਜ਼ਹਬ ਵਿਚ ਰਲਦੇ ਜਾਂਦੇ ਹਨ। ਇਹ ਤੇ ਇਨ੍ਹਾਂ ਦੇ ਘੋੜੇ ਪਤਾ ਨਹੀਂ, ਲੋਹੇ ਦੇ ਬਣੇ ਹਨ, ਸੌ ਸੌ ਮਜ਼ਲ ਮਾਰ ਕੇ ਜਾ ਧਾਵੇ ਕਰਦੇ ਹਨ। ਜੰਗਲਾਂ ਵਿਚੋਂ ਸਾਗ ਪਾਤ, ਫਲ ਫੁਲ ਤੇ ਕੰਦ ਮੂਲ ਆਦਿ ਖਾ ਕੇ ਗੁਜ਼ਾਰਾ ਕਰ ਲੈਂਦੇ ਹਨ। ਨਾ ਗਰਮੀ ਸਰਦੀ ਇਨ੍ਹਾਂ ਨੂੰ ਪੋਂਹਦੀ ਹੈ ਨਾ ਕੋਈ ਬੀਮਾਰੀ ਹੀ ਲਾਗੇ ਲਗਦੀ ਹੈ। ਕੱਛੇ ਉਤੋਂ ਦੀ ਭੂਰੇ ਦੀ ਗਿਲਤੀ ਨਾਲ ਹਾੜ ਸਿਆਲ ਗੁਜ਼ਾਰ ਲੈਂਦੇ ਹਨ। ਪਰ ਹਥਿਆਰ ਜਿੰਨੇ ਵੀ ਮਿਲ ਜਾਣ, ਥੋੜੇ ਹਨ। ਤੁਰਦੇ ਫਿਰਦੇ ਹੀ ਖਾ ਪੀ ਤੇ ਸੌਂ ਲੈਂਦੇ ਹਨ। ਦੰਗਾ ਕਰਨਾ ਤਾਂ ਇਨ੍ਹਾਂ ਦੀ ਜਾਤ ਗੋਤ ਹੈ। ਲੜਨ ਭਿੜਨ ਦੇ ਬੜੇ ਆਸ਼ਕ ਹਨ। ਮੌਤ ਨੂੰ ਅਗਵਾਂਢੀ ਹੋ ਕੇ ਟਿਚਰਾਂ ਕਰਦੇ ਹਨ। ਪੰਜ ਹੋਣ ਤਾਂ ਪੰਜ ਸੌ ਨਾਲ ਹੀ ਮੱਥਾ ਡਾਹ ਲੈਂਦੇ ਹਨ। ਜ਼ਖ਼ਮਾਂ ਦੀ ਤਾਂ ਜ਼ਰਾ ਵੀ ਪਰਵਾਹ ਨਹੀਂ ਕਰਦੇ, ਆਪੇ ਹੀ ਮਿਲ ਮੁਲ ਜਾਂਦੇ ਹਨ। ਹਕੂਮਤ ਦੇ ਖ਼ਿਲਾਫ਼ ਹਰ ਵੇਲੇ ਲੱਕ ਬੰਨ੍ਹੀ ਫਿਰਦੇ ਹਨ ਤੇ ਜ਼ੁਲਮ ਦਾ ਟਾਕਰਾ ਕਰਨਾ ਧਰਮ ਸਮਝਦੇ ਹਨ। ਇੱਕ ਰੱਬ ਤੋਂ ਬਿਨਾਂ ਕਿਸੇ ਨੂੰ ਨਹੀਂ ਮੰਨਦੇ ਤੇ ਦੋਵੇਂ ਵਲੇ ਆਪਣੇ ਮੁਰਸ਼ਿਦ ਦਾ ਕਲਾਮ (ਗੁਰਬਾਣੀ) ਪੜ੍ਹਦੇ ਹਨ। ਇਨ੍ਹਾਂ ਦੀਆਂ ਤਾਂ ਹਜ਼ੂਰ ਅਜਬ ਹੀ ਗੱਲਾਂ ਹਨ।

ਨਾਦਰ ਸ਼ਾਹ ਨੇ ਮੁੜ ਸਵਾਲ ਕੀਤਾ ਕਿ ਇਨ੍ਹਾਂ ਦੇ ਘਰ ਘਾਟ ਤਾਂ ਕਿਤੇ ਹੋਣਗੇ ਹੀ? ਦਸੋ, ਉਨ੍ਹਾਂ ਨੂੰ ਬਰਬਾਦ ਕਰ ਦਿਤਾ ਜਾਵੇ। ਖ਼ਾਨ ਬਹਾਦਰ ਨੇ ਉੱਤਰ ਵਿਚ ਕਿਹਾ: ਇਨ੍ਹਾਂ ਦੇ ਘਰ ਘਾਟ ਇਨ੍ਹਾਂ ਦਿਆਂ ਘੋੜਿਆਂ ਦੀਆਂ ਕਾਠੀਆਂ ਉਤੇ ਹੀ ਹਨ। ਨਾਦਰ ਸ਼ਾਹ ਫਿਰ ਬੋਲਿਆ: ਇਹ ਹਥਿਆਰ, ਘੋੜੇ ਤੇ ਹੋਰ ਸਾਜ਼ੋ ਸਾਮਾਨ ਕਿਥੋਂ ਹਾਸਲ ਕਰਦੇ ਹਨ? ਜ਼ਕਰੀਆ ਖਾਨ ਨੇ ਧੀਮੀ ਸੁਰ ਵਿਚ ਜਵਾਬ ਦਿਤਾ: ਜਿਵੇਂ ਹਜ਼ੂਰ ਜਹਾਂ ਪਨਾਹ ਜੈਸੇ ਦੁਨੀਆ ਦੇ ਸਭ ਤੋਂ ਤਾਕਤਵਰ ਪਾਤਸ਼ਾਹ ਦੀ ਫ਼ੌਜ ਤੋਂ, ਹਜ਼ੂਰ ਦੀਆਂ ਅੱਖਾਂ ਸਾਮ੍ਹਣੇ ਹੀ ਧਨ ਮਾਲ ਲੁਟ ਲਿਆ, ਇੰਜ ਹੀ ਸਾਡੀਆਂ ਹਿੰਦੁਸਤਾਨ ਦੀਆਂ ਫ਼ੌਜਾਂ ਤੋਂ ਹਥਿਆਰ,ਘੋੜੇ ਤੇ ਹੋਰ ਸਾਜ਼ੋ ਸਾਮਾਨ ਖੋਹ ਖਿੰਝ ਕੇ ਲੈ ਜਾਂਦੇ ਹਨ।

ਇਹ ਸੁਣ ਕੇ ਨਾਦਰ ਸ਼ਾਹ ਮੁਸਕਰਾ ਪਿਆ ਤੇ ਕਹਿਣ ਲਗਾ, 'ਪੁੱਤਰ ਜ਼ਕਰੀਆ ਖਾਨ, ਇਨ੍ਹਾਂ ਤੋਂ ਡਰਨਾ ਚਾਹੀਦਾ ਹੈ। ਉਹ ਸਮਾਂ ਦੂਰ ਨਹੀਂ ਜਦ ਇਹ ਸਿਰ ਕਢਣਗੇ ਤੇ ਇਸ ਮੁਲਕ ਦੇ ਮਾਲਿਕ ਬਣ ਜਾਣਗੇ।'' ਕੁਝ ਦੇਰ ਚੁਪ ਰਹਿਣ ਪਿਛੋਂ ਨਾਦਰ ਸ਼ਾਹ ਨੇ ਫਿਰ ਕਿਹਾ: ਭਾਵੇਂ ਇਹ ਤੁਹਾਡੇ ਸਾਡੇ ਮਾਰਨ ਦੇ ਨਹੀਂ, ਪਰ ਫਿਰ ਵੀ ਜਿਥੋਂ ਤਕ ਹੋਣੇ ਮੁਹਤਾਤ ਰਹੋ। ਆਪਣੇ ਬਚਾਅ ਲਈ ਜੇ ਹੋ ਸਕੇ ਤਾਂ ਸਖ਼ਤੀ ਜਾਰੀ ਰਖੋ। ਤੇਰੀ ਸਹਾਇਤਾ ਲਈ ਦਿੱਲੀ ਨੂੰ ਲਿਖ ਦੇਂਦਾ ਹਾਂ। ਮੇਰੇ ਵਲੋਂ ਸਹਾਇਤਾ ਲਈ ਮਾਲ ਗੁਜ਼ਾਰੀ ਦਾ ਇਕ ਖ਼ਾਸ ਹਿੱਸਾ ਮੁਆਫ਼ ਕੀਤਾ ਜਾਂਦਾ ਹੈ। ਜਿਵੇਂ ਤੇ ਜਦ ਤਕ ਹੋ ਸਕਦੈ, ਆਪਣਾ ਬਚਾਅ ਕਰੋ।

**ਜ਼ਕਰੀਆ ਖਾਨ ਨੇ ਪਹਿਲਾਂ ਨਾਲੋਂ ਜ਼ਿਆਦਾ ਸਖ਼ਤੀ ਅਰੰਭ ਦਿਤੀ–**

ਜ਼ਕਰੀਆ ਖਾਨ ਨੇ ਸਿੰਘਾਂ ਨਾਲ ਸਖ਼ਤੀ ਕਰਨ ਵਿਚ ਭਾਵੇਂ ਢਿਲ ਤਾਂ ਕੋਈ ਪਹਿਲਾਂ ਹੀ ਨਹੀਂ ਸੀ ਗੁਜ਼ਾਰੀ, ਪਰ ਨਾਦਰ ਸ਼ਾਹ ਨਾਲ ਹੋਈ ਬਾਤ ਚੀਤ ਤੋਂ ਉਸ ਨੂੰ ਬੜੀ ਨਿਮੋਸ਼ੀ ਆਈ, ਉਸ ਨੇ ਤਮਕ ਖਾਧੀ ਤੇ ਕ੍ਰੋਧ ਵਿਚ ਮੱਚ ਉਠਿਆ। ਸੋ ਉਸ ਨੇ ਨਵੇਂ ਸਿਰਿਓਂ ਇਕ-ਵਢੋਂ ਹੀ ਖਾਲਸੇ ਦੀ ਕਤਲਾਮ ਸ਼ੁਰੂ ਕਰ ਦਿਤੀ। ਇਹ ਮਈ ੧੭੩੯ ਤੋਂ ਲੈ ਕੇ ੧੭੪੬ ਈ: ਤਕ (ਯਾਹੀਯਾ ਖਾਨ ਦੇ ਸਮੇਂ) ਪੂਰੀ ਸਰਗਰਮੀ ਨਾਲ ਚਾਲੂ ਰਹੀ। ਸਾਰਿਆਂ ਇਲਾਕਿਆਂ ਦਿਆਂ ਚੌਧਰੀਆਂ, ਨੰਬਰਦਾਰਾਂ ਆਦਿ ਨੂੰ ਹੁਕਮ ਜਾਰੀ ਕੀਤੇ ਗਏ ਕਿ ਕਿਸੇ ਵੀ ਪਿੰਡ ਵਿਚ ਕੋਈ ਸਿਖ ਰਹਿਣ ਨਾ ਦਿਤਾ ਜਾਏ। ਆਪ ਮਾਰੋ ਜਾਂ ਜ਼ਿੰਦਾ ਫੜਵਾਓ। ਸਿਰਾਂ ਦੇ ਹਿਸਾਬ ਨਾਲ ਇਨਾਮ ਪਾਵੋ।

ਸ੍ਰੀ ਅੰਮ੍ਰਿਤਸਰ ਤੇ ਤਰਨ ਤਾਰਨ ਦੇ ਸਰੋਵਰਾਂ ਉਦਾਲੇ ਚੌਕੀ ਪਹਿਰੇ ਹੋਰ ਪੱਕੇ ਕਰ ਦਿਤੇ ਕਿ ਇਸ਼ਨਾਨ* ਨੂੰ ਆਇਆ ਕੋਈ ਸਿਖ ਜ਼ਿੰਦਾ ਬਚ ਕੇ ਨਾ ਜਾਵੇ।

ਹਰਭਗਤ ਨਿਰੰਜਨੀਏ, ਜੰਡਿਆਲੇ ਵਾਲੇ (ਆਕਲ ਦਾਸ), ਰਾਮੇ ਰੰਧਾਵੇ ਘਣੀਏ ਵਾਲੇ, ਕਰਮੇ ਛੀਨੇ,

* ਨਾਦਰਸ਼ਾਹ ਦੇ ਹੱਲੇ ਵੇਲੇ ਜੋ ਰਾਮ ਰੌਲਾ ਮੱਚਿਆ ਸੀ, ਉਸ ਵਿਚ ਹਕੂਮਤ ਸਿਖਾਂ ਵਲ ਪੂਰਾ ਧਿਆਨ ਨਾ ਦੇ ਸਕੀ ਤੇ ਇਸ ਢਿਲ ਕਰਕੇ ਸਿੰਘ ਦਰਸ਼ਨ ਇਸ਼ਨਾਨ ਨੂੰ ਆਉਣ ਲੱਗ ਪਏ ਸਨ।


www.AKJ.Org

ਧਰਮ ਦਾਸ ਤੋਂਪੀ ਜੋਧਾ ਨਗਰੀਏ, ਸਾਹਿਬ ਰਾਇ ਸੰਧੂ ਨੌਸ਼ਹਿਰੀਏ, ਹੈਬਤ ਮੱਲ ਧਨੇਸਟੇ ਵਾਲੇ, ਰਾਇ ਖੁਸ਼ਹਾਲੀ ਸੰਧੂ ਕਾਨ੍ਹੇ ਵਾਲੇ, ਮੱਦੋ ਚੌਧਰੀ ਮਜੀਠੇ ਵਾਲੇ ਆਦਿਕ ਨੇ ਸਿਖ ਫੜਵਾਉਣ ਅਤੇ ਮਰਵਾਉਣ ਵਿਚ ਬਹੁਤ ਵਧ ਚੜ੍ਹ ਕੇ ਹਿੱਸਾ ਲਿਆ। ਬਹੁਤ ਸਾਰੇ ਰਾਠ ਸਿੰਘ ਤਾਂ ਪਹਿਲਾਂ ਹੀ ਮਾਲਵੇ ਵਲ ਨੂੰ ਸਰਕ ਗਏ ਸਨ। ਵਾਹੀਆਂ ਤੇ ਹੋਰ ਕਾਰ ਵਿਹਾਰ ਕਰਨ ਵਾਲੇ, ਜੋ ਅਮਨ ਨਾਲ ਵਸਦੇ ਸਨ, ਜਦ ਉਨ੍ਹਾਂ ਨੂੰ ਵੀ ਨਾ ਬਖਸ਼ਿਆ ਗਿਆ ਤਾਂ ਪਿੰਡਾਂ ਦੇ ਪਿੰਡ ਖ਼ਾਲੀ ਹੋ ਗਏ। ਬਹੁਤੇ ਹਠੀ ਤੇ ਸਿਰੜੀ ਪੰਜਾਬ ਛਡ ਕੇ ਤਾਂ ਨਾ ਗਏ, ਪਰ ਜੰਗਲ ਬੇਲਿਆਂ ਵਿਚ ਪ੍ਰੇਡੇ ਜਾ ਟਿਕੇ ਤੇ ਸਰਕਾਰ ਦੇ ਇਸ ਦਾਅਵੇ ਨੂੰ ਝੂਠਾ ਕਰਨ ਲਈ ਕਿ ਸਿੰਘ ਖ਼ਤਮ ਕਰ ਦਿਤੇ ਗਏ ਹਨ, ਭੇਸ ਬਦਲ ਕੇ ਮੌਕਾ ਪਾ ਕੇ ਇਸ਼ਨਾਨ ਕਰਕੇ ਜੈਕਾਰੇ ਗਜਾਂਦੇ ਸਰਕਾਰ ਨੂੰ ਵੰਗਾਰ ਆਉਂਦੇ ਕਿ ਸਿਖ ਇਥੇ ਹੀ ਤੁਹਾਡੀ ਹਿਕ ਤੇ ਚੜ੍ਹੇ ਫਿਰਦੇ ਹਨ, ਅਜੇ ਕਿਧਰੇ ਨਹੀਂ ਗਏ! ਨਿਤ ਪੰਜਾਬ ਵਿਚ ਹੀ ਗਜਣਗੇ।

**ਮੱਸੇ ਰੰਘੜ ਦਾ ਬੇਅਦਬੀ ਲਈ ਦਰਬਾਰ ਵਿਚ ਡੇਰਾ ਲਾਉਣਾ—**

ਸ੍ਰੀ ਅੰਮ੍ਰਿਤਸਰ ਮੱਸੇ ਰੰਘੜ ਮੰਡਿਆਲੀਏ ਦੀ ਚੌਧਰਾਇਤ ਵਿਚ ਸੀ। ਉਸ ਨੂੰ ਖਾਨ ਬਹਾਦਰ ਨੇ ਲਾਹੌਰ ਬੁਲਾ ਕੇ ਹੁਕਮ ਦਿਤਾ ਕਿ ਅਬਦੁੱ-ਰਜ਼ਾਕ ਦੇ ਮਾਰੇ ਜਾਣ ਪਿਛੋਂ ਦਰਬਾਰ ਸਾਹਿਬ ਦੇ ਉਦਾਲੇ ਪਹਿਰੇ ਵਿਚ ਜੋ ਢਿਲ ਆਈ ਹੈ, ਇਸ ਨੂੰ ਫਿਰ ਕਰੜਾ ਕੀਤਾ ਜਾਵੇ। ਸਿਖਾਂ ਨੂੰ ਲਾਗੇ ਨਾ ਆਉਣ ਦਿਤਾ ਜਾਵੇ ਅਤੇ ਜਿੰਨਾ ਜਲਦੀ ਹੋ ਸਕੇ, ਸਰੋਵਰ ਨੂੰ ਮੁੰਦ ਦਿਤਾ ਜਾਵੇ।*

ਮੱਸੇ ਰੰਘੜ ਨੇ ਇਹ ਬੀੜਾ ਚੁਕ ਲਿਆ ਤੇ ਇਹ ਕੰਮ ਸਿਰੇ ਚੜ੍ਹਾਉਣ ਲਈ ਬਹੁਤ ਸਾਰੀ ਫ਼ੌਜ ਲਾਹੌਰੋਂ ਨਾਲ ਲੈ ਲਈ। ਸ੍ਰੀ ਅੰਮ੍ਰਿਤਸਰ ਪਹੁੰਚ ਕੇ ਸਾਰੇ ਸ਼ਹਿਰ ਨੂੰ ਘੇਰੇ ਵਿਚ ਲੈ ਲਿਆ ਤੇ ਦਰਬਾਰ ਸਾਹਿਬ ਦੁਆਲੇ ਬੜੇ ਕਰੜੇ ਪਹਿਰੇ ਲਾ ਕੇ ਆਪਣਾ ਹੈਡ ਕੁਆਰਟਰ ਦਰਬਾਰ ਸਾਹਿਬ ਨੂੰ ਬਣਾ ਲਿਆ। ਸਾਰੇ ਸ਼ਹਿਰ ਤੇ ਇਰਦ ਗਿਰਦ ਦੀਆਂ ਬਸਤੀਆਂ ਵਿਚ ਡੌਂਡੀ ਪਿਟਵਾ ਦਿਤੀ ਕਿ ਹਰ ਮੁਸਲਮਾਨ ਦਾ ਇਹ ਦੀਨੀ ਫ਼ਰਜ਼ ਹੈ ਕਿ ਕਾਫ਼ਰਾਂ ਦਾ ਧਾਰਮਕ ਕੇਂਦਰ ਸਦਾ ਲਈ ਖ਼ਤਮ ਕਰ ਦੇਣ ਵਿਚ ਸਰਕਾਰ ਦਾ ਹੱਥ ਵਟਾਣੇ ਤੇ ਸਵਾਬ ਹਾਸਿਲ ਕਰੇ। ਲਾਚਾਰ ਤੇ ਅਸਮ੍ਰਥ ਹਿੰਦੂਆਂ ਨੂੰ ਨੇਜ਼ੇ ਦੀ ਨੋਕ ਅੱਗੇ ਲਾ ਕੇ ਸਰੋਵਰ ਪੂਰਨ ਦੇ ਕੰਮ ਵਿਚ ਜੋਅ ਲਿਆ। ਸ਼ਹਿਰ ਦਾ ਕੂੜਾ ਕਰਕਟ, ਮਿਟੀ, ਮਲਬਾ ਤੇ ਡੰਗਰਾਂ ਦੇ ਹੱਡ ਚੰਮ ਸਰੋਵਰ ਵਿਚ ਸੁਟਣੇ ਅਰੰਭ ਹੋ ਗਏ। ਪ੍ਰਕਰਮਾ ਵਿਚ ਹੀ ਗਊਆਂ ਵਹਿੜੇ ਹਲਾਲ ਕਰ ਕੇ ਫੌਜ ਵਾਸਤੇ ਦੇਗਾਂ ਵਿਚ ਰਿਝਣੇ ਸ਼ੁਰੂ ਹੋ ਗਏ। ਦਰਬਾਰ ਸਾਹਿਬ ਵਿਚ ਤੇ ਅਕਾਲ ਤਖ਼ਤ ਉਤੇ ਹੁੱਕੇ ਗੁੜਗੜਾਉਣ ਤੇ ਸ਼ਰਾਬ ਦੇ ਖੁਲ੍ਹੇ ਦੌਰ ਚਲਣ ਲੱਗ ਪਏ। ਰੰਘੜ ਨੇ ਆਪ ਹਰਿਮੰਦਰ ਸਾਹਿਬ ਵਿਚ ਪਲੰਘ ਵਿਛਵਾ ਲਿਆ ਤੇ ਹੁੱਕੇ ਸ਼ਰਾਬ ਦੀ ਵਰਤੋਂ ਕਰਨ ਲੱਗਾ। ਅੰਦਰ ਮਹਿਫ਼ਲਾਂ ਜੰਮਣ ਲੱਗ ਪਈਆਂ, ਜਿਨ੍ਹਾਂ ਵਿਚ ਵੇਸ਼ਵਾਵਾਂ ਦੇ ਮੁਜਰੇ ਹੋਣ ਲੱਗੇ। ਭੰਡ ਤੇ ਕਵਾਲ ਵੀ ਆਪਣੇ ਹੁਨਰ ਪੇਸ਼ ਕਰਨ ਲਈ ਬੁਲਾ ਲਏ ਜਾਂਦੇ। ਦੁਨੀਆ ਵਿਚ ਏਡਾ ਮਾੜਾ ਕੁਕਰਮ ਕਿਸੇ ਨੇ ਵਿਰੋਧੀਆਂ ਦੇ ਧਰਮ ਅਸਥਾਨ ਤੇ ਸ਼ਾਇਦ ਹੀ ਕੀਤਾ ਹਵੇ।

ਨਾਚ, ਮੁਜਰੇ, ਨਕਲਾਂ ਤੇ ਕਵਾਲੀਆਂ ਰੋਜ਼ ਦਾ ਹੀ ਨੇਮ ਬਣ ਗਿਆ।

ਮੱਸੇ ਦੀ ਇਸ ਵਧੀਕੀ ਦੀ ਖ਼ਬਰ ਸਾਰੇ ਪੰਜਾਬ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਲੋਕ ਕਹਿਣ

---

* ਅੰਮ੍ਰਿਤਸਰੀ ਤੇ ਲਾਹੌਰੀ ਮੁਲਾਣਿਆਂ ਤੇ ਉਲਿਮਾਵਾਂ ਨੇ ਖ਼ਾਨ ਬਹਾਦਰ ਨੂੰ ਚਿਰੋਕਣਾ ਪ੍ਰੇਰਿਆ ਸੀ ਕਿ ਸਰੋਵਰ ਪੂਰ ਕੇ ਦਰਬਾਰ ਸਾਹਿਬ ਨੂੰ ਢਾਹ ਕੇ ਇਥੇ ਬੜੀ ਵੱਡੀ ਜਾਮਿਅ ਮਸਜਿਦ ਬਣਾ ਦਿਤੀ ਜਾਵੇ। ਸਿਖ ਆਪਣੇ ਆਪ ਹੀ ਨਸ਼ਟ ਹੋ ਜਾਣਗੇ। ਇਹੋ ਸੋਚ ਤੇ ਵਿਉਂਤ ਯਾਹੀਆ ਖਾਨ, ਸ਼ਾਹ ਨਵਾਜ਼ ਤੇ ਫਿਰ ਮੀਰ ਮਨੂੰ ਦਿਆਂ ਦਿਮਾਗਾਂ ਵਿਚ ਵੱਸੀ ਰਹੀ। ਆਪਣੇ ਇਰਾਦੇ ਦੀ ਪੂਰਤੀ ਲਈ ਉਹ ਯਥਾ ਯੋਗ ਉਪਰਾਲੇ ਕਰਦੇ ਰਹੇ, ਪਰ ਇਸ ਵਿਉਂਤ ਨੂੰ ਇਨ੍ਹਾਂ ਚੋਂ ਕੋਈ ਵੀ ਸਿਰੇ ਨਾ ਚਾੜ੍ਹ ਸਕਿਆ। ਇਸ ਅਰਸੇ ਵਿਚ ਦਰਬਾਰ ਸਾਹਿਬ ਉਤੇ ਹੋਏ ਹੱਲਿਆਂ ਦਾ ਆਧਾਰ ਇਹੋ ਹੀ ਸੋਚ ਰਹੀ ਹੈ।



www.AKJ.Org

ਲੱਗ ਪਏ ਕਿ ਇਸਦਾ ਹਾਲ ਵੀ ਅਬਦੁੱਰਜ਼ਾਕ ਵਾਲਾ ਹੀ ਹੋਵੇਗਾ। — ਚਲਦਾ]

## ਹਵਾਲੇ ਤੇ ਫ਼ੁਟਨੋਟ ਕਿਸ਼ਤ (੪)

(੧) ਭਾਈ ਮਨੀ ਸਿੰਘ ਦੀ ਸ਼ਹੀਦੀ ਦੇ ਦਿਨ ਮਹੀਨੇ ਸਾਲ ਬਾਰੇ ਕੁਝ ਇਤਿਹਾਸਕਾਰਾਂ ਦੀਆਂ ਵਖ ਵਖ ਰਾਵਾਂ ਹਨ। ਰਤਨ ਸਿੰਘ ਭੰਗੂ ਨੇ ਸੰਮਤ ੧੭੯੪ (੧੭੩੭ ਈ:) ਦਿਤਾ ਹੈ ਤੇ ਕਿਹਾ ਹੈ ਕਿ ਇਹ ਉਸ ਨੇ ਆਪਣੇ ਪਿਤਾ ਤੋਂ ਸੁਣਿਆ ਸੀ। ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ (ਸ਼ਮਸ਼ੇਰ ਖਾਲਸਾ, ਪੰਨਾ ੭੪) ਵਿਚ ਮਿਤੀ ਮੱਘਰ ਸੁਦੀ ੫ ਸੰਮਤ ੧੭੯੫ (੫ ਦਸੰਬਰ ਸੰਨ ੧੭੩੮ ਈ:) ਦੱਸੀ ਹੈ। ਇਹ ਉਹ ਸਾਲ ਹੈ ਜਦ ਨਾਦਰ ਸ਼ਾਹ ਹਿੰਦੁਸਤਾਨ ਉਤੇ ਹੱਲਾ ਕਰਨ ਲਈ ਈਰਾਨੋਂ ਚਲ ਕੇ ਪਿਸ਼ਾਵਰ ਵੱਲ ਨੂੰ ਵਧਿਆ ਆ ਰਿਹਾ ਸੀ। ਉਹ ਅੱਧ ਨਵੰਬਰ ਵਿਚ ਕੂਚ ਕਰਕੇ ਦਸੰਬਰ ਦੇ ਅੰਤ ਤਕ ਇਥੇ ਪਹੁੰਚ ਚੁਕਿਆ ਜਾਪਦਾ ਹੈ। ਪਰ ਸਾਰੇ ਲਿਖਾਰੀ ਭਾਈ ਮਨੀ ਸਿੰਘ ਦੀ ਸ਼ਹਾਦਤ ਨੂੰ ਨਾਦਰ ਸ਼ਾਹ ਦੇ ਹੱਲੇ ਤੋਂ ਕਾਫ਼ੀ ਸਮਾਂ ਪਹਿਲਾਂ ਮੰਨਦੇ ਹਨ, ਇਸ ਲਈ ਸੰਮਤ ੧੭੯੫ ਕਿਸੇ ਵੀ ਸੂਰਤ ਵਿਚ ਠੀਕ ਨਹੀਂ ਹੋ ਸਕਦਾ। ਸਯੱਦ ਮੁਹੰਮਦ ਲਤੀਫ਼ ਨੇ "ਹਿਸਟਰੀ ਆਫ਼ ਲਾਹੌਰ", ਪੰਨਾ ੧੬੨, ਅਤੇ ਨੂਰ ਅਹਿਮਦ ਚਿਸ਼ਤੀ ਨੇ "ਤਹਿਕੀਕਾਤਿ-ਚਿਸ਼ਤੀ" ਪੰਨਾ ੭੬੬, ਵਿਚ ੧੧੪੦ ਹਿਜਰੀ (ਸੰਨ ੧੭੨੭ ਈ:) ਦਿਤਾ ਹੈ, ਜੋ ਬਿਲਕੁਲ ਹੀ ਗਲਤ ਹੈ। ਇਸ ਤੋਂ ਬਿਨਾਂ ਕੁਝ ਹੋਰ ਗੁਆਹੀਆਂ ਹਨ। ਭਾਈ ਸੇਵਾ ਸਿੰਘ ਕ੍ਰਿਤ "ਸ਼ਹੀਦ ਬਿਲਾਸ" ਵਿਚ ਹਾੜ ਸੁਦੀ ਪੰਜ (੫) ਸੰਮਤ ੧੭੯੧ ਹੈ ਜਿਸ ਦੀ ਪੁਸ਼ਟੀ ਕੋਇਰ ਸਿੰਘ ਕਲਾਲ ਲਿਖਤ "ਗੁਰ ਬਿਲਾਸ ਪਾਤਸ਼ਾਹੀ ੧੦" ਅਤੇ ਭਟ ਵਹੀ ਮੁਲਤਾਨੀ ਸਿੰਧੀ ਵਿਚ ਦੀਆਂ ਦੋ ਲਿਖਤਾਂ ਤੋਂ ਹੁੰਦੀ ਹੈ। ਦੇਖੋ ਗਰਜਾ ਸਿੰਘ ਸੰਪਾਦਿਤ "ਸ਼ਹੀਦ ਬਿਲਾਸ", ਛੰਦ ੨੦੩ ਅਤੇ ਪੰਨਾ(ਭੂਮਿਕਾ)੪੦-੪੧—[ਇਹ ਨੋਟ 'ਸ: ਜੱਸਾ ਸਿੰਘ ਆਹਲੂਵਾਲੀਆ' ਕ੍ਰਿਤ ਡਾ: ਗੰਡਾ ਸਿੰਘ—ਪੰਨਾ ੪੨ ਦੇ ਫੁਟ ਨੋਟ ਤੋਂ ਧੰਨਵਾਦ ਸਹਿਤ ਲਿਆ ਗਿਆ ਹੈ।

(੨) ਗਿਆਨੀ ਗਿਆਨ ਸਿੰਘ, ਸ਼ਮਸ਼ੇਰ ਖਾਲਸਾ (ਭਾਸ਼ਾ ਵਿਭਾਗ) ਸਫਾ ੧੨੮

(੩) ਗਿਆਨੀ ਗਿਆਨ ਸਿੰਘ, ਸ਼ਮਸ਼ੇਰ ਖਾਲਸਾ (ਭਾਸ਼ਾ ਵਿਭਾਗ) ਸਫਾ ੧੨੮

(੪) ਗਿਆਨੀ ਗਿਆਨ ਸਿੰਘ, ਸਮਸ਼ੇਰ ਖਾਲਸਾ, (ਭਾਸ਼ਾ ਵਿਭਾਗ) ਸਫ਼ਾ ੧੨੯

(੫) ਜਿਵੇਂ ਅੱਜ ਫੋਜ ਵਿਚ ਰਿਵੈਲੀ (ਸਵੇਰੇ) ਤੇ ਰਿਟਰੀਟ (ਸ਼ਾਮ ਨੂੰ) ਵਜਾਈ ਜਾਂਦੀ ਹੈ, ਸਟੈਂਡ-ਟੂ ਲਈ ਇਸ਼ਾਰੇ ਮੁਕੱਰਰ ਹਨ, ਅਗ ਬੁਝਾਉਣ ਲਈ ਵਿਸ਼ੇਸ਼ ਤੌਰ ਤੇ ਅਲਾਰਮ ਦਿਤਾ ਜਾਂਦਾ ਹੈ, ਲੜਾਈ ਸਮੇਂ ਦੁਸ਼ਮਣ ਦਾ ਹਵਾਈ ਜਹਾਜ਼ ਆਉਣ ਤੇ ਖਬਰਦਾਰ ਕਰਨ ਲਈ ਵਿਸਲ ਵਜਾ ਕੇ ਸੂਚਿਤ ਕੀਤਾ ਜਾਂਦਾ ਹੈ ਤੇ ਲਾਈਟ ਅਟੈਕ ਵੇਲੇ ਵੀ ਇਸ਼ਾਰੇ ਨਿਯਤ ਹਨ, ਇੰਜ ਹੀ ਪਹਿਲੇ ਸਮਿਆਂ ਵਿਚ ਵੀ ਲੋੜ ਅਨੁਸਾਰ ਇਹ ਸਭ ਕੁਝ ਨਿਯਤ ਕੀਤਾ ਹੋਇਆ ਸੀ। ਨਾਦਰ ਸ਼ਾਹ ਦੇ ਲਸ਼ਕਰ (ਉਸ ਵੇਲੇ ਸਾਰੇ ਹੀ ਲਸ਼ਕਰਾਂ ਵਿਚ ਇਹੋ ਰਿਵਾਜ ਸੀ) ਵਿਚ ਊਠਾਂ ਉਤੇ ਵੱਡੇ ਵੱਡੇ ਜਰਸ (ਪਿਤਲ ਦਾ ਵੱਡਾ ਸਾਰਾ ਘੜਿਆਲ) ਬਧੇ ਹੋਏ ਹੁੰਦੇ ਸਨ, ਜੋ ਕੂਚ ਕਰਨ ਵੇਲੇ, ਰੁਕ ਜਾਣ ਲਈ ਜਾਂ ਕਿਸੇ ਖ਼ਤਰੇ ਵੇਲੇ ਵਜਾਏ ਜਾਂਦੇ ਸਨ। ਨਾਦਰ ਸ਼ਾਹ ਦੇ ਲਸ਼ਕਰ ਮਗਰ ਸਿੰਘ ਲੱਗੇ ਹੋਏ ਸਨ। ਸਿੰਘ ਆਪਣੇ ਹੱਲਿਆਂ, ਛਾਪਿਆਂ ਲਈ ਉਹ ਸਮਾਂ ਚੁਣਦੇ ਜਦ ਲਸ਼ਕਰ ਪੈਂਡਾ ਕਰ ਕੇ ਥਕਿਆ ਹੋਇਆ ਹੁੰਦਾ ਤੇ ਆਰਾਮ ਲਈ ਰੁਕਿਆ ਹੁੰਦਾ; ਵਿਚ ਕਈ ਜਾਗਦੇ ਤੇ ਕਈ ਊਂਘ ਰਹੇ ਹੁੰਦੇ। ਥਕਾਵਟ ਦਾ ਵਡਾ ਦਾਰੂ ਆਰਾਮ ਹੈ। ਥਕਿਆ ਹੋਇਆ ਜਦ ਆਰਾਮ ਕਰੇਗਾ, ਲਾਜ਼ਮੀ ਊਂਘੇਗਾ। ਇਹ ਸੀ ਹਾਲ ਦੁਪਹਿਰ ਵੇਲੇ ਦਾ। ਤੇ ਜਦ ਸਾਰਾ ਦਿਨ ਸਫ਼ਰ ਕਰ ਕੇ ਰੁਕਦੇ ਤਾਂ ਰਾਤ, ਜੋ ਹੁੰਦੀ ਹੀ ਸੌਣ ਵਾਸਤੇ ਹੈ, ਉਸ ਵਿਚ ਹਰ ਇਕ ਨੀਂਦ ਦੀ ਝੋਕ ਲੈਣ ਦਾ ਇਛਕ ਹੁੰਦਾ ਹੈ। ਚੋਰਾਂ ਦਾ ਸਮਾਂ ਵੀ ਰਾਤ ਵੇਲੇ ੧੨ ਇਕ ਦੇ ਦਰਮਿਆਨ ਹੀ ਹੁੰਦਾ ਹੈ, ਜਦ ਹਰ ਕੋਈ ਗੂੜ੍ਹੀ ਨੀਂਦੇ ਸੌਂ ਰਿਹਾ ਹੁੰਦਾ ਹੈ। ਸਿੰਘਾਂ ਦਿਆ



www.AKJ.Org

ਹਲਿਆਂ ਲਈ ਰਾਤ ਦਾ ਸਮਾਂ ਬੜਾ ਹੀ ਵਧੀਆ ਸੀ। ਕਿਉਂਕਿ ਉਹ ਜ਼ਮੀਨ ਦੇ ਵਾਕਿਫ਼ ਸਨ ਤੇ ਲਸ਼ਕਰ ਓਬੜ ਅਨਜਾਣ। ਜਦ ਹੱਲੇ ਦਾ ਖਦਸ਼ਾ ਹੁੰਦਾ ਤਾਂ ਲਸ਼ਕਰ ਦੇ ਪਹਿਰੂਏ ਜ਼ੋਰ ਜ਼ੋਰ ਨਾਲ ਜਰਸ ਵਜਾਉਂਦੇ ਤੇ ਨਾਲ ਹੀ ਉੱਚੀ ਉੱਚੀ ਪੁਕਾਰਦੇ, ਸਾਇਤ ਦੁਵਾਜ਼ਦਹਮ ਸ਼ੁਦਾ, ਸਾਇਤ ਦੁਵਾਜ਼ਦਹਮ ਸ਼ੁਦਾ, ਸਿਖ ਕਾਫ਼ਰ ਹਮੀ ਆਇੰਦ, ਹਮੀ ਆਇੰਦ। ਖ਼ਬਰਦਾਰ, ਹੁਸ਼ਿਆਰ ਬਾਸ਼! (ਬਾਰ੍ਹਾਂ ਦਾ ਅਮਲ ਹੋ ਚੁਕਿਆ ਹੈ, ਭਾਵ ੧੨ ਵੱਜ ਗਏ ਹਨ, ਸਿਖ ਕਾਫ਼ਰ ਆ ਰਹੇ ਹਨ, ਆ ਰਹੇ ਹਨ, ਖ਼ਬਰਦਾਰ ਹੋ ਜਾਵੋ, ਹੁਸ਼ਿਆਰ ਹੋ ਜਾਵੋ)। ਇਹ ਖੌਫ਼ ਸੀ ਜੋ ਸਿਖਾਂ ਦਾ ਲਸ਼ਕਰ ਉਤੇ ਛਾਇਆ ਰਹਿੰਦਾ। ਤੇ ਇੰਜ ਹੀ ਅਹਿਮਦ ਸ਼ਾਹ ਨਾਲ ਟਕਰਾਂ ਵੇਲੇ ਹੁੰਦਾ ਰਿਹਾ। ਪਰ ਅਫ਼ਸੋਸ ਹੈ ਸੌੜੀ ਸੂਝ ਤੇ ਕੋਝੀ ਸੋਚ ਤੇ। ਇਸ ਬਹਾਦਰੀ ਵਾਲੇ ਤਥ ਨੂੰ ਮਖੌਲ ਵਾਲਾ ਰੰਗ ਦੇ ਕੇ ਸਿਖਾਂ ਮਗਰ ਲੀਹ ਲਾ ਲਈ ਹੈ। ਕੀ ਐਸੇ ਲੋਕ ਸੋਚਣ ਦੀ ਜੁਰਅਤ ਕਰਨਗੇ ਕਿ ਇਸ ਰਾਤ ਦੇ ਸਮੇਂ ਬਿਖੜੀਆਂ ਜੂਹਾਂ ਵਿਚ ਉਹ ਸੂਰਮੇ ਕਿਨ੍ਹਾਂ ਦੇ ਬੰਦੀ ਬਣਾਏ ਨੌਜੁਆਨ ਧੀਆਂ ਪੁਤਾਂ ਨੂੰ ਗ਼ੈਰਾਂ ਤੋਂ ਛੁਡਾਉਣ ਲਈ ਜਾਨਾਂ ਤੇ ਖੇਡ ਰਹੇ ਹੁੰਦੇ ਸਨ? ਅਕਿਰਤਘਣਤਾ ਦੀ ਵੀ ਕੋਈ ਹੱਦ ਹੁੰਦੀ ਹੈ!

(੬) ਉਸ ਦੀ ਚਤਰਾਈ ਤੇ ਹੁਸ਼ਿਆਰੀ ਦੀ ਇਕ ਮਿਸਾਲ ਹੈ, ਜਦ ਉਹ ਪਹਿਲੀ ਵਾਰ ਹਾਥੀ ਉਤੇ ਸਵਾਰ ਹੋਇਆ ਤਾਂ ਮਹਾਬਤ ਨੂੰ ਕਿਹਾ ਕਿ ਇਸ ਦੀਆਂ ਵਾਗਾਂ ਮੈਨੂੰ ਫੜਾ ਦੇਹ। ਮਹਾਵਤ ਨੇ ਕਿਹਾ, ਹਜ਼ੂਰ ਇਸ ਦੀਆਂ ਵਾਗਾਂ ਨਹੀਂ ਹੁੰਦੀਆਂ, ਇਸ ਨੂੰ ਅੰਕਸ ਨਾਲ ਕਾਬੂ ਵਿਚ ਰਖੀਦਾ ਹੈ ਤੇ ਉਹ ਮੇਰੇ ਪਾਸ ਹੈ। ਨਾਦਰ ਸ਼ਾਹ ਨੇ ਫ਼ੌਰਨ ਕਿਹਾ ਕਿ ਇਸ ਨੂੰ ਤੁਰੰਤ ਬਿਠਾ ਦੇਹ ਤਾਂ ਕਿ ਮੈਂ ਉਤਰ ਜਾਵਾਂ। ਉਹ ਸਵਾਰੀ ਕਿਸ ਕੰਮ ਦੀ ਹੈ ਜਿਸ ਦੀਆਂ ਵਾਗਾਂ ਸਵਾਰ ਦੇ ਹੱਥ ਵਿਚ ਨ ਹੋਣ। ਉਹ ਫ਼ੌਰਨ ਥਲੇ ਉੱਤਰ ਗਿਆ।

(੭) ਨਾਦਰ ਸ਼ਾਹ ਅਜ਼ ਖ਼ਾਨ ਬਹਾਦਰ ਪੁਰਸੀਦ ਕਿ ਦਰ ਮੁਲਕਿ ਸ਼ੁਮਾ ਕੁਦਾਮ ਮੁਫ਼ਾਸਦ ਅਸਤ ਯਾ ਨਾ? ਗੁਫ਼ਤ, ਨੇਸਤ। ਮਗਰ ਆਂ ਕਿਹ ਗਰੋਹੇ ਅਜ਼ ਹਨੂਦ ਫ਼ਕੀਰਾਂ, ਹਸਤੰਦ ਕਿ ਬਾਅਦ ਸ਼ਸ਼ ਮਾਹ ਬਰ ਤਾਲਾਬਿ ਗੁਰੂ ਮੀ ਆਇੰਦ, ਵ ਗ਼ੁਸਲ ਨਮੂਦਾਹ ਮੁਤਫ਼ਰਕ ਮੀ ਸ਼ਵੰਦ। ਨਾਦਰ ਸ਼ਾਹ ਗੁਫ਼ਤ, ਖ਼ਾਨਾਇ ਓਸ਼ਾਂ ਕੁਜਾ ਅਸਤ? ਖ਼ਾਨ ਬਹਾਦਰ ਗੁਫ਼ਤ,ਖਾਨਾਇ ਓਸ਼ਾਂ ਜ਼ੀਨਿ ਅਸਪ। ਬਾਦਸ਼ਾਹ ਬਖ਼ੰਦੀਦ ਵ ਗੁਫ਼ਤ, ਅਜ਼ ਏਸ਼ਾਂ ਪੁਰ ਹਾਜ਼ਰ ਬਾਇਦ ਬੂਦ। ਨਜ਼ਦੀਕ ਅਸਤ ਕਿ ਈਂ ਮੁਫ਼ਾਸਦਾਹ ਸਰ ਖ਼ਾਹਿੰਦ ਕਸ਼ੀਦ ਵ ਈਂ ਮੁਲਕ ਰਾ ਖ਼ਾਹਿੰਦ ਗਰਿਫ਼ਤ। ਅਹਿਮਦ ਸ਼ਾਹ ਬਟਾਲੀਆ—ਤਾਰੀਖ਼-ਹਿੰਦ ਵ ਮਲੂਕਿ ਆਂ

[ਜ਼ਿਕਰਿ ਗੁਰੂਆਂ ਵ ਇਬਤਦਾਇ ਸਿੰਘਾਂ] ਸਫ਼ਾ **੧੩.**

ਨੋਟ: ਖਾਨ ਬਹਾਦਰ ਦਾ ਸਿੰਘਾਂ ਨੂੰ ਹਿੰਦੂ ਫ਼ਕੀਰਾਂ ਦਾ ਗ੍ਰੋਹ ਕਹਿਣਾ ਉਸਦੀ ਭੁਲ ਸੀ। ਜਦ ਇਕ ਗਵਰਨਰ ਦੇ ਸਿਖਾਂ ਬਾਰੇ ਗਿਆਨ ਦਾ ਇਹ ਹਾਲ ਸੀ ਤਾਂ ਹੋਰਨਾਂ ਨੇ ਇਨ੍ਹਾਂ ਦਾ ਇਤਿਹਾਸ ਸਹੀ ਕਿਥੋਂ ਲਿਖਣਾ ਸੀ! ਇਥੋਂ ਇਹ ਭਲੀ ਭਾਂਤ ਸਾਫ਼ ਹੋ ਜਾਂਦਾ ਹੈ ਕਿ ਸਿਖਾਂ ਨੇ ਜੋ ਘਾਲਾਂ ਘਾਲੀਆਂ ਹਨ, ਅਸਲ ਵਿਚ ਉਨ੍ਹਾਂ ਦੇ ਕਿਨਵੇਂ ਕੁ ਹਿਸੇ ਦਾ ਸਾਨੂੰ ਵੇਲੇ ਦੇ ਮੁਤਅਸਬੀ ਲਿਖਾਰੀਆਂ ਦੀਆਂ ਲਿਖਤਾਂ ਤੋਂ ਪਤਾ ਲਗ ਸਕਦਾ ਹੈ!

—ਸਵਰਨ ਸਿੰਘ]


**ਪਾਠਕ ਜੀ—** (੧) ਚਿਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ, ਐਡਰੈਸ ਤੋਂ ਪਹਿਲਾਂ ਤੁਹਾਡਾ ਚਿਟ ਨੰਬਰ ਲਿਖਿਆ ਹੁੰਦਾ ਹੈ।

**(੨)ਪਰਚੇ ਗੁੰਮ—** ਪਰਚੇ ਡਾਕ ਵਿਚ ਕਾਫੀ ਗੁੰਮ ਕਰ ਲਏ ਜਾਂਦੇ ਹਨ। ਜੇ ਆਪ ਨੂੰ ਮਹੀਨੇ ਦੇ ਅੱਧ ਤਕ ਪਰਚਾ ਨਾ ਪੁਜੇ ਤਾਂ ਪਰਚਾ ਗੁੰਮ ਸਮਝੋ। ਦੋਬਾਰਾ ਹੋਰ ਪਰਚਾ ਭੇਜਣ ਲਈ ਕਾਰਡ ਪਾਓ, ਆਪਣੇ ਐਡਰੈਸ ਨਾਲ ਚਿਟ ਨੰਬਰ ਜ਼ਰੂਰ ਲਿਖੋ। ਪਰਚਾ ਦੂਜੀ ਵਾਰ ਕਾਰਡ ਪੁਜਣ ਸਾਰ ਭੇਜ ਦਿਤਾ ਜਾਵੇਗਾ।

## ਇੰਗਲੈਂਡ ਦੇ ਖ਼ਤਮ ਚੰਦੇ ਅਤੇ ਬਕਾਏ ਯੂ. ਕੇ. ਵਿਚ ਜਮ੍ਹਾ ਕਰਾਓ ਜੀ

ਇੰਗਲੈਂਡ ਵਿਚ ਜਿਨ੍ਹਾਂ ਪਾਠਕਾਂ ਨੂੰ ਚੰਦੇ ਖ਼ਤਮ ਹੋਣ ਦੀ ਇਤਲਾਹ ਮਿਲ ਗਈ ਹੈ ਉਹ ਆਪਣੇ ਚੰਦੇ ਯੂ.ਕੇ. ਵਿਚ ਜਮ੍ਹਾ ਕਰਵਾਣ ਅਤੇ ਅਮਾਨਤੀ ਲਾਈਫ਼ ਮੈਂਬਰ ਵੀ, ਜਿਨ੍ਹਾਂ ਦੇ ਬਕਾਏ ਅਜੇ ਬਾਕੀ ਹਨ, ਹੇਠ ਲਿਖੇ ਪਤੇ ਤੇ ਸੌ ਸੌ ਰੁਪਏ ਜਮ੍ਹਾ ਕਰਾਉਣ—S. Gurnam Singh 10 Lambourne Grnds, Early, Reading, Berks (U.K.)





www.AKJ.Org

# ਕੁਦਰਤ ਵਿਚ ਕਾਦਰ ਦੀ ਅਸਚਰਜਤਾ

]ਮਾਸਟਰ ਤਾਰਾ ਸਿੰਘ ਜੀ]

ਜਿਧਰ ਨਜ਼ਰ ਮਾਰੋ, ਬਾਕਾਇਦਗੀ ਤੇ ਅਸਚਰਜਤਾ ਨਾਲ ਕੁਦਰਤ ਭਰੀ ਪਈ ਹੈ। ਇਹ ਬ੍ਰਿਛ, ਇਹ ਬੂਟੇ, ਇਹ ਪ੍ਰਿੰਦ, ਇਹ ਜਾਨਵਰ, ਇਹ ਆਦਮੀ, ਇਹ ਮਿੱਟੀ, ਇਹ ਪਾਣੀ, ਇਹ ਹਵਾ, ਇਹ ਦਰਿਆ, ਇਹ ਸੂਰਜ, ਇਹ ਚੰਦ, ਇਹ ਤਾਰੇ, ਇਹ ਸਭ ਕੁਝ ਅਸਚਰਜ ਹੀ ਹੈ ਤੇ ਸਭ ਕੋਈ ਆਪਣੀ ਆਪਣੀ ਥਾਂ ਕਿਸੇ ਖ਼ਾਸ ਕਾਨੂੰਨ ਅਨੁਸਾਰ ਬੱਧਾ ਹੋਇਆ ਚਲ ਰਿਹਾ ਹੈ।

ਇਕ ਪਿੱਪਲ ਦੇ ਪੱਤਿਆਂ ਵਲ ਹੀ ਧਿਆਨ ਮਾਰੋ। ਕੋਈ ਦੋ ਪੱਤੇ ਹਰ ਗੱਲ ਵਿਚ ਇਕੋ ਨਹੀਂ ਹਨ। ਕੋਈ ਵੱਡਾ, ਕਿਸੇ ਦੀ ਨੁਕਰ ਵਿਚ ਜ਼ਰਾ ਫ਼ਰਕ, ਕਿਸੇ ਦੇ ਰੰਗ ਵਿਚ ਭੇਦ ਤੇ ਕਿਸੇ ਦੀ ਤਰਾਵਤ ਵਿਚ ਫ਼ਰਕ ਹੈ। ਕੋਈ ਦੋ ਪੱਤੇ ਫੜੋ, ਤੁਹਾਨੂੰ ਉਹਨਾਂ ਵਿਚ ਕੋਈ ਭੇਦ ਲਭ ਹੀ ਪਏਗਾ। ਤੇ ਜੇਕਰ ਤੁਹਾਨੂੰ ਕੋਈ ਭੇਦ ਨਾ ਲਭੇ ਤਾਂ ਕਿਸੇ ਹੋਰ ਤੇਜ਼ ਨਜ਼ਰ ਵਾਲੇ ਨੂੰ ਵਿਖਾ ਲਵੇ, ਜਾਂ ਖ਼ੁਰਦਬੀਨ ਨਾਲ ਵੇਖੋ, ਕੁਝ ਨਾ ਕੁਝ ਭੇਦ ਨਿਕਲ ਹੀ ਆਵੇਗਾ। ਇਥੇ ਹੀ ਬਸ ਨਹੀਂ, ਜਦ ਤੋਂ ਦੁਨੀਆ ਪੈਦਾ ਹੋਈ ਹੈ, ਬੇਅੰਤ ਪਿੱਪਲ ਹੋਏ ਹਨ ਤੇ ਉਹਨਾਂ ਦੇ ਬੇਅੰਤ ਪੱਤੇ ਹੋਏ ਹਨ, ਪਰ ਕੋਈ ਦੋ ਭੀ ਹਰ ਤਰ੍ਹਾਂ, ਹਰ ਪਾਸੇ ਵਲੋਂ, ਹਰ ਗੱਲ ਵਿਚ ਪੂਰੀ ਤਰ੍ਹਾਂ ਇਕੋ ਨਹੀਂ ਮਿਲਣਗੇ। ਪਰ ਇਹ ਫ਼ਰਕ ਹੁੰਦਿਆਂ ਭੀ ਤੁਸੀਂ ਪਿੱਪਲ ਦੇ ਪੱਤੇ ਨੂੰ ਪਛਾਣ ਲਵੋਗੇ, ਸਭ ਪੱਤਿਆਂ ਵਿਚ ਕੋਈ ਸਾਂਝ ਅਜਿਹੀ ਹੈ ਜੋ ਉਹਨਾਂ ਨੂੰ ਇਕ ਟੱਬਰ ਬਣਾਂਦੀ ਤੇ ਪਰਗਟ ਕਰਦੀ ਹੈ। ਇਹੋ ਹੀ ਹਾਲ ਹੋਰ ਦਰੱਖ਼ਤਾਂ ਦੇ ਪੱਤਿਆਂ ਤੇ ਸਭ ਜਾਨਵਰਾਂ ਦਾ ਹੈ। ਬੋੜ੍ਹ ਦੇ ਪੱਤੇ ਆਪੋ ਵਿਚ ਅੱਡੋ ਅੱਡਰੇ ਹੁੰਦਿਆਂ ਭੀ ਇਕ ਹਨ, ਜਿਸ ਕਰਕੇ ਉਹ ਦੂਜੇ ਦਰੱਖ਼ਤਾਂ ਦੇ ਪੱਤਿਆਂ ਨਾਲੋਂ ਪਛਾਣੇ ਜਾ ਸਕਦੇ ਹਨ।......

ਜੇ ਅਸੀਂ ਆਪਣੀ ਜਮਝ ਦਾ ਠੀਕ ਅੰਦਾਜ਼ਾ ਲਾਈਏ ਤਾਂ ਸਾਨੂੰ ਹਰ ਪਾਸੇ ਵਾਹਿਗੁਰੂ ਤੇ ਵਾਹਿਗੁਰੂ ਦੀ ਸ਼ਕਤੀ ਪਰਤੱਖ ਪਈ ਨਜ਼ਰ ਆਵੇ। ਪਾਣੀ ਉਪਰ ਨਹੀਂ ਚੜ੍ਹਦਾ, ਪਰ ਇਸ ਪਿੱਪਲ ਦੀਆਂ ਨਸਾਂ ਵਿਚੋਂ ਲੰਘ ਕੇ ਉਪਰ ਪੱਤਿਆਂ ਤਕ ਪੁਜਦਾ ਹੈ। ਇਸ ਸ਼ਕਤੀ ਦਾ ਭੀ ਅਸਾਂ ਕੋਈ ਨਾਮ ਰਖ ਛਡਿਆ ਹੈ ਤੇ ਸਮਝ ਲਿਆ ਹੈ ਕਿ ਅਸਾਂ ਭੇਦ ਪਾ ਲਿਆ ਹੈ। ਪਿਪਲ ਦੀ ਸਾਰੀ ਮਸ਼ੀਨ ਉਤੇ ਜ਼ਰਾਂ ਡੂੰਘੀ ਨਜ਼ਰ ਮਾਰਨ ਵਾਲੇ ਨੂੰ ਤਾਂ ਅਸਚਰਜਤਾ ਤੇ ਕਰਾਮਾਤ ਹੀ ਨਜ਼ਰ ਆਵੇਗੀ। ਜੜ੍ਹਾਂ, ਤਨੇ, ਟਾਹਣਾਂ, ਟਾਹਣੀਆਂ ਤੇ ਪੱਤਿਆਂ ਦਾ ਇਕ ਅਸਚਰਜ ਮੇਲ ਬਣਿਆ ਹੋਇਆ ਹੈ। ਸਭ ਦੀ ਮਸ਼ੀਨ ਵੇਖੋ ਤਾਂ ਅਜਿਹਾ ਪੇਚੀਦਾ ਮੇਲ ਤੇ ਅਜਿਹੇ ਪੇਚੀਦਾ ਕਰਤਬ ਹਨ ਕਿ ਅਸਚਰਜਤਾ ਵਿਚ ਹੀ ਡੁਬ ਜਾਈਦਾ ਹੈ। ਕੋਈ ਵਸਤੂ ਹੋਵੇ—ਜਾਨਦਾਰ ਹੋਵੇ ਜਾਂ ਬੇਜਾਨ—ਸਭ ਦੀ ਬਣਤਰ ਅਸਚਰਜ ਹੀ ਹੈ। ਮਿੱਟੀ ਦਾ ਇਕ ਕਿਣਕਾ ਹੀ ਲਵੋ, ਉਸ ਦੀ ਬਣਤਰ ਹੀ ਅਸਚਰਜ ਤੇ ਨਾ ਸਮਝ ਆਵਣ ਵਾਲੀ ਹੈ। ਬਹੁਤ ਵਡੀ ਸਮਝ ਰਖਣ ਵਾਲੇ ਇਹ ਕਹਿਣਗੇ ਕਿ ਇਹ ਕਿਣਕਾ ਅਮਕੇ ਅਮਕੇ ਪ੍ਰਮਾਣੂ ਦਾ ਬਣਿਆ ਹੋਇਆ ਹੈ। ਉਹ ਪ੍ਰਮਾਣੂ ਕਿਸ ਨੇ ਬਣਾਏ ਹਨ ? ਅਗੋਂ ਕੋਈ Elecirons (ਇਲੈਕਟ੍ਰੌਨਜ਼) ਜਾਂ ਕਿਸੇ ਹੋਰ ਤਰ੍ਹਾਂ ਦੀ ਸ਼ਕਤੀ ਦਾ ਨਾਮ ਲਵੇਗਾ। ਉਹ ਸ਼ਕਤੀ ਕਿਥੋਂ ਬਣੀ ? ਅੱਗੇ ਬਸ। ਸੱਚ ਹੈ, ਇਸ ਕੁਦਰਤ ਦਾ ਹਰ ਕਿਣਕਾ ਇਕ ਮੁਕੰਮਲ ਅਸਚਰਜਤਾ ਨਾਲ ਭਰਿਆ ਪਿਆ ਹੈ ਤੇ ਪ੍ਰਗਟ ਕਰਾਮਾਤ ਹੈ। ਇਸ ਤਰ੍ਹਾਂ ਕੁਦਰਤ ਵਿਚ ਕਾਦਰ ਦੀ ਅਸਚਰਜਤਾ ਦੇਖਣ ਵਾਲੇ ਨੇ ਹੀ ਕਿਹਾ ਸੀ—

"ਗਾਵਨਿ ਤੁਧ ਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ......॥"

["ਕਿਉ ਵਰਨੀ ਕਿਵ ਜਾਣਾ" ਪੁਸਤਕ ਵਿਚੋਂ ਧੰਨਵਾਦ ਸਹਿਤ



www.AKJ.Org

# ਅੱਜ 'ਸਿਰੋਪਾਉ' ਤੇ 'ਸਿੱਖੀ' ਪੈਸੇ ਦੀ

[ ਸ: ਸੰਤਾ ਜੀ ਆਜਿਜ਼, ਲੁਧਿਆਣਾ ]

ਮੇਰਾ ਚੰਗਾ ਮਿਤਰ ਤੇ ਭਲਾ ਗੁਆਂਢੀ ਸ: ਸੰਤੋਖ ਸਿੰਘ ਤੇ ਉਸਦਾ ਪਰਵਾਰ ਅਜ ਬੇਹਦ ਖੁਸ਼ ਹਨ। ਘਰ ਵਿਚ ਦੂਰ ਨੇੜਿਓਂ ਰਿਸ਼ਤੇਦਾਰਾਂ ਤੇ ਮਿਤਰਾਂ ਨੇ ਆਣ ਕੇ ਖ਼ੂਬ ਰੌਣਕਾਂ ਲਾਈਆਂ ਹੋਈਆਂ ਹਨ। ਸਾਰੇ ਖੁਸ਼ੀ ਵਿਚ ਖਿੜੇ ਹੋਏ ਹਨ। ਸਾਰੇ ਘਰ ਨੂੰ ਅੰਦਰੋਂ ਬਾਹਰੋਂ ਰੰਗ-ਰੋਗਨ ਕਰਵਾ ਕੇ ਚਮਕਾਇਆ ਤੇ ਸਜਾਇਆ ਗਿਆ ਹੈ। ਵਡੇ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਆਰੰਭ ਕਰਵਾਇਆ ਗਿਆ ਹੈ। ਇਹ ਸਾਰਾ ਸ਼ੁਭ ਕਾਰਜ ਮੇਰੇ ਮਿਤਰ ਨੇ ਆਪਣੇ ਹੋਨਹਾਰ ਸਪੁਤਰ ਦੇ ਪੰਜਾਂ ਸਾਲਾਂ ਮਗਰੋਂ ਪਰਦੇਸੋਂ ਦੇਸ਼ ਪਰਤਣ ਦੀ ਖੁਸ਼ੀ ਵਿਚ ਰਚਾਇਆ ਹੈ।

ਪੂਰੇ ਪੰਜ ਸਾਲਾਂ ਬਾਅਦ ਇਸ ਘਰਾਣੇ ਦਾ ਇਕੋ ਇਕ ਨੌਨਿਹਾਲ ਤਿੰਨਾਂ ਭੈਣਾਂ ਦਾ ਸੁਖੀ-ਲਧਾ ਵੀਰਾ, ਅਨੇਕਾਂ ਲਾਭ ਤੇ ਵਡਿਆਈਆਂ ਪ੍ਰਾਪਤ ਕਰ ਕੇ ਦੇਸ਼ ਪਰਤ ਰਿਹਾ ਹੈ। ਇਸ ਸਮੇਂ ਦੌਰਾਨ ਉਸਨੇ ਬੇਅੰਤ ਕੀਮਤੀ ਤੋਹਫ਼ੇ, ਵਡੀਆਂ ਵਡੀਆਂ ਰਕਮਾਂ ਦੇ ਬੈਂਕ-ਡਰਾਫ਼ਟ ਤੇ ਦਰਜਨਾਂ ਸਿਖੀ ਸਵਰੂਪ ਦਰਸਾਂਦੀਆਂ ਫ਼ੋਟੋਆਂ ਘਰ ਦਿਆਂ ਨੂੰ ਭੇਜੀਆਂ, ਜਿਸਦੇ ਫਲ-ਸਰੂਪ ਘਰ ਦਾ ਨਕਸ਼ਾ ਤੇ ਘਰ ਦਿਆਂ ਦੇ ਨੈਣ ਨਕਸ਼ ਹੀ ਬਦਲ ਗਏ। ਜੇਕਰ ਨਹੀਂ ਬਦਲਿਆ ਤਾਂ ਮੇਰਾ ਮਿਤਰ ਸੰਤੋਖ ਸਿੰਘ ਹੀ ਨਹੀਂ ਬਦਲਿਆ। ਜਿਸ ਤਰ੍ਹਾਂ ਦਾ ਸੰਤੋਖੀ ਜੀਵਨ ਉਹ ਪੰਜ ਸਾਲ ਪਹਿਲਾਂ ਬਸਰ ਕਰਦਾ ਸੀ, ਉਸੇ ਤਰ੍ਹਾਂ ਦਾ ਹੀ ਗੁਰਸਿਖਾਂ ਵਾਲਾ ਰਹਿਤਵਾਨ ਤੇ ਸਿਦਕਵਾਨ ਜੀਵਨ ਉਹ ਅਜ ਵੀ ਗੁਜ਼ਾਰ ਰਿਹਾ ਹੈ। ਉਸਨੂੰ ਨਾ ਗਰੀਬੀ ਦਾ ਕੋਈ ਗਮ ਸੀ ਤੇ ਨਾ ਹੁਣ ਅਮੀਰੀ ਦਾ ਹੀ ਕੋਈ ਮਾਣ ਹੈ।

ਪੰਜ ਸਾਲ ਪਹਿਲਾਂ ਉਸਦਾ ਇਕਲੌਤਾ ਪੁਤਰ, ਜੋ ਕਿ ਗੁਰਮਤਿ ਦੇ ਰੰਗ ਵਿਚ ਰੰਗਿਆ, ਤਿਆਰ ਬਰ ਤਿਆਰ ਅੰਮ੍ਰਿਤਧਾਰੀ ਸਿੰਘ ਸੀ, ਜਦੋਂ ਉਹ ਰੁਜ਼ਗਾਰ ਖ਼ਾਤਰ ਮਲੋ ਜ਼ੋਰੀ ਪ੍ਰਦੇਸ ਪੁਜਣ ਦੇ ਯਤਨਾਂ ਵਿਚ ਸਫਲ ਹੋ ਗਿਆ ਤਾਂ ਪਿਤਾ ਨੇ ਪੁਤਰ ਨੂੰ ਘੁਟ ਕੇ ਸੀਨੇ ਨਾਲ ਲਾਇਆ ਅਤੇ ਭਿਜੀਆਂ ਅੱਖਾਂ ਤੇ ਭਰੇ ਗਲੇ ਨਾਲ ਟੁਰਨ ਲਗਿਆਂ ਉਸ ਤੋਂ ਦੋ ਪ੍ਰਣ ਲਏ ਕਿ ਉਹ ਸਦਾ ਸਿਖੀ ਸਰੂਪ ਵਿਚ ਪਰਪੱਕ ਤੇ ਨਿਤਨੇਮ ਵਿਚ ਦ੍ਰਿੜ੍ਹ ਰਹੇਗਾ। ਦੂਸਰੇ ਉਹ ਹਰ ਛੇ ਮਹੀਨੇ ਬਾਅਦ ਸਬੂਤ ਵਜੋਂ ਆਪਣੀ ਨਵੀਨ ਫ਼ੋਟੋ ਵੀ ਭੇਜਿਆ ਕਰੇਗਾ।

ਪੁਤਰ ਨੂੰ ਅਗਾਊਂ ਲੈਣ ਲਈ ਮੇਰਾ ਦੋਸਤ ਚਾਈਂ ਚਾਈਂ ਮੈਨੂੰ ਵੀ ਮਲੋ ਜ਼ੋਰੀ ਦਿਲੀ ਨਾਲ ਲੈ ਗਿਆ। ਅਸੀਂ ਪਾਲਮ ਏਅਰ ਪੋਰਟ ਤੇ ਪੁਜ ਗਏ। ਸਮੇਂ ਸਿਰ ਏਅਰ ਇੰਡੀਆ ਦਾ ਬੋਇੰਗ ਜੈਟ ਆਕਾਸ਼ ਦੀਆ ਉਚਾਈਆਂ ਤੋਂ ਵਿਦਾਇਗੀ ਲੈਂਦਾ ਲੈਂਦਾ, ਹੇਠਾਂ ਹੋਰ ਹੇਠਾਂ ਲਹਿੰਦਾ, ਲਹਿੰਦਾ, ਆਖ਼ਰਕਾਰ ਸ਼ਾਂਤ ਤੇ ਅਡੋਲ ਖੜਾ ਹੋ ਗਿਆ।

ਜਹਾਜ਼ ਤੇ ਪੌੜੀ ਲਗ ਗਈ, ਦਰਵਾਜ਼ੇ ਖੁਲ੍ਹ ਗਏ ਤੇ ਯਾਤਰੂ ਉਤਰਨੇ ਸ਼ੁਰੂ ਹੋ ਗਏ। ਇਮੀਗਰੇਸ਼ਨ ਤੇ ਕਸਟਮ ਆਦਿ ਤੋਂ ਫ਼ਾਰਗ ਹੋਣ ਉਪਰੰਤ ਇਕੜ ਦੁਕੜ ਯਾਤਰੂ ਬਾਹਰ ਆਉਣੇ ਸ਼ੁਰੂ ਹੋ ਗਏ। ਅਚਾਨਕ ਇਕ ਗੋਰੇ ਚਿਟੇ, ਉੱਚੇ ਸੋਹਣੇ ਰਿਸ਼ਟ ਪੁਸ਼ਟ ਕਲੀਨ-ਸ਼ੇਵ ਨੌਜਵਾਨ ਨੇ ਦੌੜ ਕੇ ਮੇਰੇ ਮਿਤਰ 'ਡੀਅਰ ਦੇ ਡੈਡੀ', 'ਮਾਈ ਡੀਅਰ ਡੈਡੀ' ਕਹਿੰਦਿਆਂ ਪੈਰ ਪਕੜ ਲਏ।

ਸੰਤੋਖ ਸਿੰਘ ਹੈਰਾਨ ਪ੍ਰੇਸ਼ਾਨ ਹੋ ਕੇ ਕਦੀ ਲੜਕੇ ਵਲ, ਕਦੀ ਮੇਰੇ ਵਲ ਤਕਣ ਲਗ ਪਿਆ। ਉਸ ਦੀ ਖ਼ੁਸ਼ੀ ਗ਼ਮੀ ਵਿਚ ਤੇ ਆਸ਼ਾ ਨਿਰਾਸ਼ਾ ਵਿਚ ਬਦਲ ਗਈ, ਸ਼ਰਮ ਤੇ ਨਿਰਾਸਤਾ ਨਾਲ ਉਸ ਦੀ ਗਰਦਨ ਝੁਕ ਗਈ, ਮੱਥੇ ਤੇ ਤਰੇਲੀ ਆ ਗਈ, ਤੇ ਆਪੇ ਦੀ ਹੋਸ਼ ਨਾ ਰਹੀ। ਉਹ ਇਸ ਮਾਰੂ ਤੇ ਅਸਹਿ ਸਦਮੇ ਨੂੰ ਬਰਦਾਸ਼ਤ ਨਾ ਕਰਦਾ ਹੋਇਆ ਗ਼ਸ਼ ਖਾ ਕੇ ਜ਼ਮੀਨ ਤੇ ਡਿਗ ਪਿਆ।

ਬੜੀ ਮੁਸ਼ਕਿਲ ਨਾਲ ਮੈਂ ਤੇ ਉਸਦੇ ਲੜਕੇ ਨੇ ਉਸਨੂੰ ਸੰਭਾਲ ਕੇ ਆਪਣੇ ਘਰ ਲਿਆਂਦਾ। ਰਸਤੇ ਵਿਚ



www.AKJ.Org

ਕੁਝ ਹੋਸ਼ ਆਉਣ ਤੇ ਨਾ ਤਾਂ ਉਸਨੇ ਕੁਝ ਖਾਧਾ ਪੀਤਾ ਤੇ ਨਾ ਹੀ ਕੋਈ ਬਚਨ-ਬਿਲਾਸ ਕੀਤਾ। ਘਰ ਪੁਜ ਕੇ ਵੀ ਪੂਰੀ ਹੋਸ਼ ਆਉਣ ਤੇ ਨਾ ਤਾਂ ਉਸਨੇ ਰਿਸ਼ਤੇਦਾਰਾਂ ਤੇ ਮਿਤਰਾਂ ਦੀਆਂ ਵਧਾਈਆਂ ਹੀ ਮੰਨੀਆਂ ਤੇ ਨਾ ਹੀ ਲੋਕਾਂ ਤੇ ਘਰ ਦਿਆਂ ਦੀਆਂ ਪੁਤਰ ਦੇ ਹਕ ਵਿਚ ਦਿਤੀਆਂ ਸਫਾਈਆਂ ਹੀ ਮੰਨੀਆਂ। ਆਪਣੇ ਕਮਰੇ ਦਾ ਦਰਵਾਜ਼ਾ ਬੰਦ ਕਰ ਲਿਆ ਅਤੇ ਪੁਤਰ ਦੀ ਇਸ ਸ਼ਰਮਨਾਕ ਕਰਤੂਤ ਤੇ ਕੌਮੀ ਗਿਰਾਵਟ ਦਾ ਮਾਤਮ ਕਰਨ ਲਗ ਪਿਆ।

ਉਸਦੇ ਮਨ ਦੀ ਵਿਆਕੁਲਤਾ ਨੂੰ ਅਨੁਭਵ ਕਰ ਕੇ ਮੈਂ ਦਰ ਦੇ ਬਾਹਰ ਖੜ ਕੇ ਉਸ ਦੀਆਂ ਬੜੀਆਂ ਦਿਲਜੋਈਆਂ ਕੀਤੀਆਂ, ਰਿਸ਼ਤੇਦਾਰਾਂ ਨੇ ਵਾਸਤੇ ਪਾਏ ਤੇ ਮਿੰਨਤਾਂ ਵੀ ਕੀਤੀਆਂ। ਘਰ ਵਾਲੀ ਨੇ ਰੋਂਦਿਆਂ ਕੁਰ-ਲਾਂਦਿਆਂ ਆਪਣਾ ਬੁਰਾ ਹਾਲ ਕਰ ਲਿਆ, ਪੁਤਰ ਨੇ ਵੀ ਢੀਠਪੁਣਾ ਤਿਆਗ ਕੇ ਬਾਰ ਬਾਰ ਘਿਗਿਆ ਘਿਗਿਆ ਕੇ ਮਾਫ਼ੀਆਂ ਮੰਗੀਆਂ। ਆਖ਼ਰਕਾਰ ਮਹੱਲੇ ਦੇ ਮੋਹਤਬਿਰਾਂ ਦੇ ਕਾਫ਼ੀ ਸਮਝਾਉਣ ਬੁਝਾਉਣ ਅਤੇ ਮਨਾਉਣ ਤੇ ਉਹ ਅਭਾਗਾ, ਮੇਰਾ ਮਿਤਰ ਵਰ੍ਹਿਆਂ ਦੇ ਰੋਗੀ ਵਾਂਗ ਲੜਖੜਾਂਦਾ ਹੋਇਆ ਕਮਰੇ ਤੋਂ ਬਾਹਰ ਆਇਆ।

ਹੁਣ ਸਾਰਿਆਂ ਨੇ ਲੜਕੇ ਨੂੰ ਘੇਰ ਕੇ ਉਸਦੀ ਇਸ ਕਮੀਨੀ ਹਰਕਤ ਤੇ ਲਾਅਨਤਾਂ ਫਿਟਕਾਰਾਂ ਪਾਈਆਂ ਤੇ ਪੁਛਿਆ ਕਿ ਉਸਨੇ ਆਪਣੇ ਪਵਿਤਰ ਕੇਸ ਕਿਉਂ ਕਤਲ ਕਰਵਾਏ ਤੇ ਕਦੋਂ ਕਰਵਾਏ ? ਜਵਾਬ ਵਿਚ ਲੜਕੇ ਨੇ ਸ਼ਰਮ ਨਾਲ ਅੱਖਾਂ ਨੀਵੀਆਂ ਪਾਈ ਦਸਿਆ ਕਿ ਕੇਸ ਉਸ ਨੇ ਜਾਂਦਿਆਂ ਹੀ ਕਤਲ ਕਰਵਾ ਦਿਤੇ ਸਨ, ਪਰ ਕਸ ਕਤਲ ਕਰਾਉਣ ਤੋਂ ਪਹਿਲਾਂ ਉਸਨੇ ਵਖੋ ਵਖਰੇ ਪੋਜ਼ਾਂ ਤੇ ਪਹਿਰਾਵਿਆਂ ਵਿਚ ਦਰਜਨ ਕੁ ਫੋਟੋਆਂ ਖਿਚਵਾ ਲਈਆਂ ਸਨ, ਤੇ ਉਹ ਤਸਵੀਰਾਂ ਹੀ ਉਹ ਹਰ ਛੇ ਮਹੀਨੇ ਬਾਅਦ ਇਕ ਇਕ ਕਰਕੇ ਭੇਜਦਾ ਰਿਹਾ ਹੈ।

ਉਸਦੀ ਮੰਦੀ ਕਰਤੂਤ ਦੀ ਇਹ ਸਭ ਕੁਫ਼ਰ-ਕਹਾਣੀ ਸੁਣ ਕੇ ਸਾਰੇ ਰਿਸ਼ਤੇਦਾਰ ਤੇ ਮੋਹਤਬਿਰ ਸਜਣ ਡਾਢੇ ਔਖੇ ਹੋ ਗਏ। ਸੰਤੋਖ ਸਿੰਘ ਨੂੰ ਦੁਬਾਰਾ ਗਸ਼ ਪੈ ਗਈ। ਮਾਤਾ ਤੇ ਭੈਣਾਂ ਕੀਰਨੇ ਪਾਉਣ ਲਗ ਪਈਆਂ। ਅੰਤ ਲੜਕੇ ਨੂੰ ਕਾਫ਼ੀ ਲਾਅਨਤ ਮੁਲਾਮਤ ਕਰਨ ਉਪਰੰਤ ਇਹ ਫੈਸਲਾ ਹੋਇਆ ਕਿ ਲੜਕਾ ਆਪਣੇ ਮਾਤਾ ਜੀ ਨਾਲ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਜਾ ਕੇ ਪ੍ਰਸ਼ਾਦ ਚੜ੍ਹਾਵੇ ਤੇ ਫਿਰ ਅਕਾਲ ਤਖ਼ਤ ਸਾਹਿਬ ਤੇ ਨਿਮਰਤਾ ਸਹਿਤ ਪੇਸ਼ ਹੋ ਕੇ ਕੀਤੀ ਕੁਰਹਿਤ ਦੀ ਭੁਲ ਬਖਸ਼ਾਏ ਤੇ ਤਨਖਾਹ ਲੁਵਾਵੇ ਤੇ ਮੁੜ ਸਿਖੀ ਸਵਰੂਪ ਨੂੰ ਅਪਣਾਵੇ। ਵਾਪਸੀ ਤੇ ਪਾਠ ਦੇ ਭੋਗ ਸਮੇਂ ਸਾਰੀ ਸੰਗਤ ਦੇ ਸਾਹਮਣੇ ਤੇ ਗੁਰੂ ਬਾਬੇ ਦੀ ਹਜ਼ੂਰੀ ਵਿਚ ਆਪਣੇ ਪਿਤਾ ਜੀ ਤੋਂ ਦੁਬਾਰਾ ਮਾਫ਼ੀ ਮੰਗ ਕੇ ਉਹਨਾਂ ਦਾ ਮਨ ਸੁਖਾਲਾ ਕਰੇ ਤੇ ਲਗੇ ਜ਼ਖ਼ਮਾਂ ਨੂੰ ਭਰਨ ਦਾ ਉਪਰਾਲਾ ਕਰੇ।

ਫ਼ੈਸਲੇ ਅਨੁਸਾਰ ਲੜਕਾ ਉਸੀ ਵਕਤ ਆਪਣੀ ਮਾਤਾ ਜੀ ਨਾਲ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਪੁਜਾ। ਦਰਸ਼ਨ ਕਰ ਕੇ ਮਨ ਖਿੜ ਗਿਆ ਅਤੇ ਸਭ ਸੰਸੇ ਮਿਟ ਗਏ ਤੇ ਸਿਖੀ ਜਜ਼ਬੇ ਮੁੜ ਜਾਗਰਤ ਹੋ ਗਏ। ਬੜੀ ਸ਼ਰਧਾ ਨਾਲ ਯਾਰ੍ਹਾਂ ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਗੁਰੂ ਮਹਾਰਾਜ ਦੇ ਹਜ਼ੂਰ ਨਿਮਰਤਾ ਸਹਿਤ ਮਥਾ ਟੇਕਿਆ ਅਤੇ ਇਕਵੰਜਾ ਰੁਪਏ ਨਕਦ ਭੇਟਾ ਕੀਤੇ। ਉਠ ਕੇ ਪਰਕਰਮਾ ਕਰਨ ਹੀ ਲਗਾ ਸੀ ਕਿ ਪਰਬੰਧਕਾਂ ਨੇ ਸ਼੍ਰੋਮਣੀ ਗੁਰਦਵਾਰਾ ਕਮੇਟੀ ਵਲੋਂ ਸਿਰੋਪਾਉ ਬਖਸ਼ ਕੇ ਉਸਨੂੰ ਸਨਮਾਨਤ ਕੀਤਾ।

ਦਰਬਾਰ ਸਾਹਿਬ ਭੁਲ ਬਖਸ਼ਾਉਣ ਤੇ ਕੀਤੀ ਬਜਰ ਕੁਰਹਿਤ ਲਈ ਤਨਖਾਹ ਲਵਾਉਣ ਆਏ ਪਤਿਤ ਸਿਖ ਲੜਕੇ ਨੇ, ਦਰਬਾਰ ਸਾਹਿਬ ਦੇ ਪਰਬੰਧਕਾਂ ਵਲੋਂ ਸਨਮਾਨ ਪ੍ਰਾਪਤ ਕਰਕੇ, ਹੈਰਾਨ ਹੋ ਕੇ ਮਨ ਵਿਚ ਸੋਚਿਆ ਕਿ ਮੇਰੇ ਪਿਤਾ ਜੀ ਵਲੋਂ ਕੇਸ ਕਤਲ ਕਰਾਉਣ ਬਦਲੇ ਮੇਰੇ ਪਲੇ ਲਾਅਨਤਾਂ ਤੇ ਫਿਟਕਾਰਾਂ ਹੀ ਪਈਆਂ। ਮੇਰੇ ਨਾਲ ਪਰਦੇਸੋਂ ਚਾਈਂ ਚਾਈਂ ਮਿਲਣ ਆਏ ਨੂੰ ਗਲ ਲਾ ਕੇ ਬੱਲ ਤੇ ਕੀ ਸਾਂਝੇ ਕਰਨੇ ਸਨ, ਸਗੋਂ ਪਿਤਾ ਤੇ ਪੁਤਰ ਦੀਆਂ ਜਨਮਾਂ ਦੀਆਂ ਸਾਂਝਾਂ ਵੀ ਤੋੜ ਲਈਆਂ ਤੇ ਬਾਕੀ ਦੇ ਸਾਰੇ ਰਿਸ਼ਤੇਦਾਰਾਂ ਮੋਹਤਬਿਰ ਗੁਆਂਢੀਆਂ ਵਲੋਂ ਵੀ ਮੈਂ ਝਾੜਾਂ ਹੀ ਸਹੀਆਂ। ਹਮਦਰਦੀ, ਪਿਆਰ ਤੇ ਸਤਿਕਾਰ ਤਾਂ ਕਿਤੇ ਰਿਹਾ ਸਗੋਂ ਬਾਰ੍ਹਾਂ ਘੰਟੇ ਮੈਨੂੰ ਨਾਸਤਕ, ਕੁਰਹਿਤੀਆ ਆਖ ਆਖ ਕੇ ਡਾਢਾ ਸ਼ਰਮਸਾਰ ਹੀ ਕੀਤਾ ਹੈ ਤੇ ਖ਼ੁਦ ਭੁਖੇ ਤਿਹਾਏ ਮਰ ਕੇ ਤੇ ਮੈਨੂੰ ਵੀ ਮਾਰ ਕੇ ਡਾਢਾ ਪ੍ਰੇਸ਼ਾਨ ਕੀਤਾ ਹੈ। ਪਰ ਖਾਲਸਾ ਪੰਥ ਦੀ ਇਸ ਸ਼ਰੋਮਣੀ ਧਾਰਮਕ ਜਥੇਬੰਦੀ ਨੇ ਕੇਵਲ 51-00 ਰੁਪਏ ਭੇਟਾ


www.AKJ.Org

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭਾਗਾਂ ਵਾਲੀ ਦਾਦੀ

# ਮਾਤਾ ਬਨਾਰਸੀ ਜੀ

[ਸ: ਵਰਿਆਮ ਸਿੰਘ ਜੀ, ਗਾਂਧੀ ਨਗਰ—ਦਿੱਲੀ]

ਜਲੰਧਰ (ਪੰਜਾਬ) ਵਿਚ ਇਕ ਅਮੀਰ ਘਰਾਣਾ ਭਾਈ ਜੱਸ ਰਾਮ ਜੀ ਦਾ ਸੀ,* ਉਨ੍ਹਾਂ ਦੇ ਗ੍ਰਹਿ ਵਿਖੇ ਇਕ ਬੱਚੀ ਨੇ ਜਨਮ ਲਿਆ, ਜਿਸ ਦਾ ਨਾਂ 'ਬਨਾਰਸੀ' ਰਖਿਆ ਗਿਆ। ਇਹੋ ਹੀ ਵੱਡੇ ਹੋ ਕੇ 'ਮਾਤਾ ਬਨਾਰਸੀ ਜੀ' ਕਰਕੇ ਇਤਿਹਾਸ ਵਿਚ ਪ੍ਰਸਿੱਧ ਹੋਏ ਅਤੇ ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਦਾਦੀ ਜੀ' ਹੋਣ ਦਾ ਮਾਣ ਪ੍ਰਾਪਤ ਕੀਤਾ।

ਮਾਤਾ ਬਨਾਰਸੀ ਜੀ ਦਾ ਵਿਆਹ, ਪੱਠੇ ਵਿੰਡ† ਦੇ ਵਸਨੀਕ, ਬਾਬਾ ਰਾਮ ਨਾਰਾਇਣ ਜੀ ਦੇ ਵੱਡੇ ਸਪੁਤਰ, ਬਾਬਾ ਸ਼ਿਵਰਾਮ ਜੀ ਨਾਲ ਹੋਇਆ ਸੀ। ਸਹੁਰੇ ਘਰ ਆ ਕੇ ਪਤੀ ਦੀ ਸੇਵਾ ਨੂੰ ਸਿਰ ਤੇ ਚਾ ਲਿਆ। ਆਪ ਜੀ ਮਹਾਨ ਆਤਮਾ ਤੇ ਮਹਾਨ ਗੁਣਾਂ ਦੇ ਮਾਲਕ ਸਨ। ਭਾਈ ਸੰਤੋਖ ਸਿੰਘ ਜੀ ਨੇ ਕਿਹਾ ਸੋਹਣਾ ਲਿਖਿਆ ਹੈ :—

ਤਿਹ ਬਨਾਰਸੀ ਨਾਮ ਸੁ ਤੀਯਾ।
ਪਤਿਬ੍ਰਤਿ ਧਰਮ ਜਾਸੁ ਦਿਢ ਕੀਆ।
[ਨਾਨਕ ਪ੍ਰਕਾਸ਼ ਪੂਰਬਾਰਧ, ਅਧਿ: ੩, ਪੰਨਾ ੧੪੮]

ਬਾਬਾ ਸ਼ਿਵਰਾਮ ਜੀ, ਲਾਇਕ ਪਿਤਾ ਦੇ ਲਾਇਕ ਸਪੁਤਰ ਸਨ। ਉਨ੍ਹਾਂ ਦੀ ਪ੍ਰਸਿਧੀ ਦੂਰ ਦੂਰ ਤਕ ਫੈਲੀ ਹੋਈ ਸੀ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਉਨ੍ਹਾਂ ਨੂੰ 'ਮਹਾਤਮਾ' ਦੀ ਉਪਾਧੀ ਦਿੱਤੀ ਹੈ।

* ਗਿ: ਊਧਮ ਸਿੰਘ, ਗੁਰੂ ਨਾਨਕ ਜੀਵਨ–ਇਕ ਨਵੀਂ ਖੋਜ, ਪੰਨਾ ੪੮

† ਇਹ ਪਿੰਡ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੈ। ਇਸ ਨੂੰ ਬੇਦੀ ਘਰਾਣੇ ਦੇ ਇਕ ਮੁੱਖੀ ਪਠੋਤੀ ਰਾਏ ਨੇ ਵਸਾਇਆ ਸੀ। ਇਥੇ ਗੁਰੂ ਨਾਨਕ ਸਾਹਿਬ ਜੀ ਦੇ ਦਰਨ ਪਏ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਪਿੰਡ ਦਾ ਨਾਂ ਬਦਲ ਕੇ 'ਡੇਹਰਾ ਸਾਹਿਬ' ਰਖਿਆ ਸੀ ਅਤੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਇਕ ਗੁਰਦਵਾਰਾ ਉਸਾਰਿਆ ਸੀ। ਇਸ ਪਿੰਡ ਤੋਂ ਡੇਢ ਮੀਲ ਦੀ ਦੂਰੀ ਤੇ ਜਾਮਾ ਰਾਏ ਪਿੰਡ ਹੈ। ਉਥੋਂ ਦੇ ਰਹਿਣ ਵਾਲੇ ਸ: ਭਾਨ ਸਿੰਘ ਨੇ ੧੯੨੨ ਈ: ਵਿਚ ਸਿਖ ਸੰਗਤਾਂ ਨੂੰ ਪ੍ਰੇਰ ਕੇ ਇਸ ਗੁਰਦਵਾਰੇ ਦੀ ਸੇਵਾ ਕਰਵਾਈ ਸੀ। ਇਕ ਸਰੋਵਰ ਦੀ ਖੁਦਾਈ ਵੀ ਹੋਈ ਸੀ ਅਤੇ ਇਕ ਖਾਲਸਾ ਹਾਈ ਸਕੂਲ ਵੀ ਚਾਲੂ ਹੋਇਆ ਸੀ।

---

ਲੈ ਕੇ ਮੈਨੂੰ ਨਾਸਤਕ ਤੇ ਪਤਿਤ ਨੂੰ ਸਿਰੋਪਾਉ ਦੇ ਕੇ ਨਿਵਾਜਿਆ ਤੇ ਸਨਮਾਨਿਆ ਹੈ। ਜਦ ਮੈਨੂੰ ਪੰਥ ਦੀ ਇਸ ਮੁਖੀ ਸੰਸਥਾ ਨੇ ਪਰਵਾਨ ਕਰ ਲਿਆ ਹੈ, ਤਾਂ ਮੈਨੂੰ ਆਪਣੇ ਮਾਤਾ ਪਿਤਾ ਤੇ ਕੁਝ ਗਿਣਤੀ ਦੇ ਰਿਸ਼ਤੇਦਾਰਾਂ ਤੇ ਗੁਆਂਢੀ ਸਰਦਾਰਾਂ ਦੀ ਕੀ ਪਰਵਾਹ ਹੈ ? ਤੇ ਅਕਾਲ ਤਖਤ ਸਾਹਿਬ ਜਾ ਕੇ ਭੁਲ ਬਖਸ਼ਾਉਣ ਤੇ ਤਨਖ਼ਾਹ ਲਵਾਉਣ ਦੀ ਵੀ ਕੀ ਲੋੜ ਹੈ ? ਜਦ ਮੈਂ ਗੁਰੂ ਮਹਾਰਾਜ ਦੇ ਦਰਾਂ ਤੇ ਇਸੇ ਸ਼ਕਲ ਵਿਚ ਹੀ ਪਰਵਾਨ ਹਾਂ ਤਾਂ ਕੇਸ ਧਾਰਨ ਕਰਨ, ਰਹਿਤ ਰਖਣ ਤੇ ਮੁੜ ਅੰਮ੍ਰਿਤ ਛਕਣ ਦੀ ਵੀ ਕੀ ਲੋੜ ਹੈ ?

ਇਹਨਾਂ ਵਿਚਾਰਾਂ ਦੇ ਅਧੀਨ ਉਹ ਪਤਿਤ ਲੜਕਾ ਗੁਰਮਤਿ ਮਰਯਾਦਾ ਦਾ ਸਤਿਕਾਰ, ਮਮਤਾ ਦਾ ਪਿਆਰ ਤੇ ਭਾਈਚਾਰੇ ਨਾਲ ਕੀਤਾ ਇਕਰਾਰ ਸਭਨਾਂ ਤੋਂ ਬਾਗ਼ੀ ਤੇ ਫ਼ਰਾਰ ਹੋ ਕੇ ਕੇਵਲ ਸਿਰੋਪਾਉ ਸਿਰ ਤੇ ਸਜਾ ਕੇ ਵਾਪਸ ਘਰ ਪਰਤ ਆਇਆ ਤੇ ਅਗਲੇ ਦਿਨ ਆਪਣਾ ਸਾਮਾਨ ਲੈ ਕੇ ਦਿੱਲੀ, ਤੇ ਦਿਲੀ ਤੋਂ ਮੁੜ ਪਰਦੇਸ ਪਰਤ ਗਿਆ।



www.AKJ.Org

'ਤਲਵੰਡੀ' (ਜ਼ਿਲ੍ਹਾ ਸ਼ੇਖ਼ੂਪੁਰਾ)* ਦੇ ਵਸਨੀਕ, ਰਾਇ ਭੋਇ† ਨੇ ਉਨ੍ਹਾਂ ਦੀ ਤਾਰੀਫ਼ ਸੁਣੀ ਅਤੇ ਉਨ੍ਹਾਂ ਦੇ ਪਿੰਡ ਪਠੇਵਿੰਡ ਪਹੁੰਚਿਆ। ਬਾਬਾ ਸ਼ਿਵਰਾਮ ਜੀ ਨਾਲ ਗੱਲਾਂ ਬਾਤਾਂ ਕਰ ਕੇ ਇਤਨਾ ਪ੍ਰਭਾਵਤ ਹੋਇਆ ਕਿ ਉਨ੍ਹਾਂ ਨੂੰ ਆਪਣੀ ਜਗੀਰ ਦਾ ਕਾਰਗਾਰ ਥਾਪ ਦਿੱਤਾ। ਫਿਰ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਸਾਡੇ ਨਾਲ ਤਲਵੰਡੀ ਚਲੋ ਅਤੇ ਉਥੇ ਆਪਣੀ ਰਿਹਾਇਸ਼ ਅਖ਼ਤਿਆਰ ਕਰੋ। ਬਾਬਾ ਜੀ ਉਸ ਦੀ ਪ੍ਰੇਰਨਾ ਕਰਨ ਤੇ ਤਲਵੰਡੀ ਆ ਗਏ। ਇਸ ਤਰ੍ਹਾਂ ਬਾਬਾ ਸ਼ਿਵਰਾਮ ਜੀ ਦੇ ਨਾਲ ਹੀ ਮਾਤਾ ਬਨਾਰਸੀ ਜੀ ਅਤੇ ਬਾਬਾ ਜੀ ਦੇ ਛੋਟੇ ਭਰਾ, ਬਾਬਾ ਸਾਨਪਤ ਜੀ ਵੀ ਤਲਵੰਡੀ ਆ ਕੇ ਰਹਿਣ ਲਗੇ। ਮਾਤਾ ਬਨਾਰਸੀ ਜੀ ਤਾਂ ਪਤੀ ਜੀ ਦੀ ਸੇਵਾ ਕਰ ਕੇ ਉਨ੍ਹਾਂ ਦੀ ਪ੍ਰਸੰਨਤਾ ਵਿਚ ਹੀ ਆਪਣਾ ਜਨਮ ਸਫਲਾ ਸਮਝਦੇ ਸਨ ਅਤੇ ਇਸੇ ਵਿਚ ਹੀ ਉਹ ਆਪਣਾ ਲੋਕ ਪਰਲੋਕ ਸੁਧਰਿਆ ਸਮਝਦੇ ਸਨ।

ਬਾਬਾ ਸ਼ਿਵਰਾਮ ਜੀ ਬਾਰੇ, ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ :—

ਅਸ ਬੇਦੀ ਵਾਸੀ ਤਲਵੰਡੀ।
ਜਿਨ ਕੀ ਬਹੁ ਕੀਰਤਿ ਜਗ ਮੰਡੀ।
ਚਿਰੰਕਾਲ ਤਹਿੰ ਰਹਿਤ ਬਿਤਾਈ।
ਭਾ ਸ਼ਿਵਰਾਮ ਤਾਸੁ ਕੁਲ ਮਾਂਹੀ ॥੪੮॥
ਬ੍ਰਿਤਿ ਸ਼ਾਂਤਕੀ ਜਿਨ ਮਨ ਕੀ ਕੀਨੀ।
ਜੀਵਾ ਰਜ ਤਮ ਕੀ ਤਜਿ ਦੀਨੀ।
ਹੁਇ ਅਹਿੰਸ ਅਯੁਧ ਕਰ ਛੋਰੇ।
ਸ੍ਰੀ ਪਤਿ ਕੇ ਪਦ ਪਦਮ ਨਿਰੋਰੇ ॥੪੯॥

[ਪੂਰਬਾਰਧ, ਅਧਿ: ੩, ਪੰਨਾ ੧੪੮]

ਕਵੀ ਜੀ ਨੇ ਸਪਸ਼ਟ ਕੀਤਾ ਹੈ ਕਿ ਤਲਵੰਡੀ ਵਿਚ ਬੇਦੀਆਂ ਦੀ ਕੁਲ ਰਹਿੰਦੀ ਸੀ, ਜਿਸ ਦੀ ਜਗਤ ਵਿਚ ਬੜੀ ਕੀਰਤੀ ਹੋ ਰਹੀ ਸੀ। ਚਿਰਾਂ ਤਕ ਉਸ ਕੁਲ ਨੇ ਉਥੇ ਤਲਵੰਡੀ ਵਿਚ ਵਸੇਬਾ ਕੀਤਾ। ਉਸੇ ਕੁਲ ਵਿਚ ਭਾਈ ਸ਼ਿਵਰਾਮ ਜੀ ਹੋਏ ਹਨ। ਉਨ੍ਹਾਂ ਦੀ ਬ੍ਰਿਤੀ ਸਾਧੂਆਂ ਵਾਲੀ ਸੀ। ਉਨ੍ਹਾਂ ਨੇ ਦੁਨੀਆ ਦੇ ਮੋਹ ਮਮਤਾ ਵਾਲੇ ਸੁਖ ਤਿਆਗੇ ਹੋਏ ਸਨ। ਉਹ ਜੀਵ-ਹਤਿਆ ਦੇ ਤਿਆਗੀ ਸੀ। ਸ਼ਸਤਰਾਂ ਨੂੰ ਤਿਆਗ ਕੇ ਉਨ੍ਹਾਂ ਦਾ ਧਿਆਨ, ਵਾਹਿਗੁਰੂ ਦੇ ਚਰਨਾਂ ਨਾਲ ਲਗਾ ਰਹਿੰਦਾ ਸੀ।

ਪੱਠੇ ਵਿੰਡ ਵਿਚੋਂ ਬਾਬਾ ਸ਼ਿਵਰਾਮ ਜੀ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਬੇਦੀ ਤਲਵੰਡੀ ਆ ਵਸੇ ਸਨ। ਬਾਬਾ ਸ਼ਿਵਰਾਮ ਜੀ ਆਪਣੇ ਉਤਮ ਗੁਣਾਂ ਕਰਕੇ ਅਤੇ ਭਗਤੀ-ਭਾਉ ਕਰਕੇ ਹੀ ਲੋਕ-ਪ੍ਰਿਅ ਹੋ ਚੁਕੇ ਸਨ ਤੇ ਬੇਦੀ ਕੁਲ ਵਿਚ ਤਾਂ ਉਨ੍ਹਾਂ ਦਾ ਬਹੁਤ ਹੀ ਸਤਿਕਾਰ ਸੀ। ਬਾਬਾ ਜੀ ਦੇ ਸੰਸਾਰ ਛਡ ਜਾਣ ਬਾਅਦ ਵੀ ਉਨ੍ਹਾਂ ਦਾ

* ਇਹ ਪਿੰਡ ਸੰਨ ੧੪੨੯ ਈਸਵੀ ਨੂੰ ਰਾਇ ਭੋਇ ਨੇ ਵਸਾਇਆ ਸੀ ਅਤੇ ਇਸ ਨੂੰ ਉਸ ਸਮੇਂ 'ਰਾਇ ਭੋਇ ਦੀ ਤਲਵੰਡੀ' ਸਦਦੇ ਸਨ। ਬਾਅਦ ਵਿਚ, ਗੁਰੂ ਨਾਨਕ ਦੇਵ ਜੀ ਦੇ ਇਥੇ ਜਨਮ ਲੈਣ ਕਰਕੇ ਇਸ ਦਾ ਨਾਂ 'ਨਨਕਾਣਾ ਸਾਹਿਬ' ਪ੍ਰਸਿੱਧ ਹੋਇਆ। ਅੱਜ ਕਲ੍ਹ ਇਹ ਪਾਕਿਸਤਾਨ ਵਿਚ ਹੈ।

† ਰਾਇ ਭੋਇ, ਇਕ ਭਟੀ ਰਾਜਪੂਤ ਸੀ। ਇਹ ਸੰਨ ੧੪੧੨ ਈਸਵੀ ਵਿਚ ਹਕੂਮਤ ਦੇ ਜ਼ੁਲਮਾਂ ਤੋਂ ਘਬਰਾ ਕੇ ਮੁਸਲਮਾਨ ਹੋ ਗਿਆ ਸੀ। ਇਸ ਨੂੰ ਸਰਕਾਰ ਵਲੋਂ ਤਲਵੰਡੀ ਦੇ ਆਲੇ ਦੁਆਲੇ ੨੦ ਪਿੰਡਾਂ ਦੀ ਮਲਕੀਅਤ ਮਿਲੀ ਹੋਈ ਸੀ। ਇਹ ਬਹੁਤ ਨੇਕ ਸੁਭਾ ਦਾ ਸੀ ਅਤੇ ਹਿੰਦੂਆਂ ਮੁਸਲਮਾਨਾਂ ਨੂੰ ਇਕ-ਸਮਾਨ ਦੇਖਦਾ ਸੀ। ਇਸ ਦੇ ਘਰ ਇਕ ਲੜਕਾ (ਰਾਇ ਬੁਲਾਰ) ਅਤੇ ਇਕ ਲੜਕੀ ਸੀ। ਲੜਕੀ ਦਾ ਵਿਆਹ ਇਸ ਨੇ, ਸੁਲਤਾਨਪੁਰ (ਪੰਜਾਬ) ਦੇ ਨਵਾਬ, ਦੌਲਤ ਖਾਂ ਲੋਧੀ ਨਾਲ ਕਰ ਦਿੱਤਾ ਸੀ।


www.AKJ.Org

ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਸਮੇਂ ਦਾ ਹਾਲ ਦਸਦਿਆਂ ਬਾਬਾ ਸ਼ਿਵਰਾਮ ਜੀ ਦੀ ਬੇਦੀ ਕੁਲ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਜੀ ਇਉਂ ਕਰਦੇ ਹਨ :—

ਦੇਤ ਹੈ ਬਧਾਈ, ਬੇਦੀ ਬੰਸ ਕੀ ਲੁਗਾਈ,<br>
ਬਧੇ ਬੇਲ ਸ਼ਿਵਰਾਮ ਕੀ, ਅਸੀਸ ਕੇ ਪ੍ਰਮਾਨੇ ਹੈ।<br>
[ਗੁਰੂ ਨਾਨਕ ਅਭਿਨੰਦਨ, ਪੰਨਾ ੨੪੧, ਸੰਪਾ: ਦੇਵਿੰਦਰ ਸਿੰਘ ਵਿਦਿਆਰਥੀ

ਅਜਿਹੇ ਗੁਣਾਂ ਵਾਲੇ ਪਤੀ ਉਤੇ, ਮਾਤਾ ਬਨਾਰਸੀ ਜਿਹੀ ਇਸਤ੍ਰੀ ਜਿਤਨਾ ਗੌਰਵ ਕਰੇ, ਥੋੜਾ ਹੈ। ਆਪਣੇ ਪਤੀ ਵਾਲੇ ਗੁਣ ਸੁਤੇ ਸਿਧ ਹੀ ਇਸ ਮਹਾਨ ਮਾਤਾ ਜੀ ਦੇ ਹਿਰਦੇ ਵਿਚ ਵੀ ਪ੍ਰਵੇਸ਼ ਕਰ ਗਏ ਸਨ।

ਮਾਤਾ ਬਨਾਰਸੀ ਜੀ ਦੀ ਪਵਿੱਤਰ ਕੁਖੋਂ ਦੋ ਪੁੱਤਰ ਉਤਪੰਨ ਹੋਏ—

੧. ਬਾਬਾ ਕਾਲੂ ਜੀ (ਕਲਿਆਨ ਦਾਸ ਜੀ)—ਜਨਮ ਸੰਨ ੧੪੪੦ ਈਸਵੀ।<br>
੨. ਬਾਬਾ ਲਾਲੂ ਜੀ (ਬਾਬਾ ਲਾਲ ਚੰਦ ਜੀ)—ਜਨਮ ਸੰਨ ੧੪੪੪ ਈਸਵੀ।

---

## 'ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ'

ਅਕਾਲ ਪੁਰਖ ਦਾ ਭਾਣਾ ਅਮਿਟ ਹੈ। ਇਥੇ ਕਿਸੇ ਦੀ ਵਾਹ ਨਹੀਂ ਚਲਦੀ। ਕੋਈ ਜੀਵ ਲੰਬੀ ਆਯੂ ਭੋਗਦਾ ਹੈ, ਕੋਈ ਅਧਵਾਟੇ ਹੀ ਚਾਲੇ ਪਾ ਦਿੰਦਾ ਹੈ ਅਤੇ ਕਿਸੇ ਨੂੰ ਛੋਟੀ ਬਰਸ ਵਿਚ ਹੀ ਅਚਿੰਤੇ ਬਾਜ ਆ ਪੈਂਦੇ ਹਨ— ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥<br>
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥

ਬੜੇ ਦੁਖ ਨਾਲ ਇਹ ਖ਼ਬਰ ਪੜ੍ਹੀ ਜਾਏਗੀ ਕਿ ਕਾਨ੍ਹਪੁਰ ਨਿਵਾਸੀ ਭਾ: ਗੁਰਬਖਸ਼ ਸਿੰਘ ਬਿਬੇਕੀ ਜੀ ਦੇ ਹੋਣਹਾਰ ਸਪੁੱਤਰ ਕਾਕਾ ਗੁਰਚਰਨ ਸਿੰਘ, ਜੋ ਕਿ ਏਅਰ ਫ਼ੋਰਸ ਵਿਚ ਸਾਰਜੈਂਟ ਸਨ, ਆਸਾਮ ਵਿਚ ਹਾਸ਼ੀਮਾਰਾ ਵਿਖੇ ਕੁਝ ਦਿਨ ਬੀਮਾਰ ਰਹਿ ਕੇ ਅਕਾਲ ਚਲਾਣਾ ਕਰ ਗਏ ਹਨ। ਕਾਕਾ ਗੁਰਚਰਨ ਸਿੰਘ ਗੁਰੂ ਕੇ ਕੀਰਤਨੀਏ ਤੇ ਮਿਠੇ ਸੁਭਾ ਦੇ ਗੁਰਸਿਖ ਸਨ ਅਤੇ ਗੁਰਦਵਾਰਾ ਹਾਸ਼ੀਮਾਰਾ ਵਿਖੇ ਕੀਰਤਨ ਕਰਿਆ ਕਰਦੇ ਸਨ। ਹਾਸ਼ੀਮਾਰਾ ਦੀ ਸੰਗਤ ਨੇ ਇਸ ਕੀਰਤਨੀ ਸਿੰਘ ਦੇ ਵਿਛੋੜੇ ਦਾ ਦੁਖ ਬਹੁਤ ਮਹਿਸੂਸ ਕੀਤਾ ਹੈ। ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਸਮੂਹ ਸਬੰਧੀਆਂ ਤੇ ਸਜਣਾਂ ਮਿਤਰਾਂ ਨੂੰ ਚੜ੍ਹਦੀਆਂ ਕਲਾਂ ਵਿਚ ਭਾਣਾ ਮੰਨਣ ਦਾ ਬਲ ਬਖਸ਼ੇ।

---


## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਮਤਿ ਬਿਬੇਕ ੭-੫੦ ਜੇਲ੍ਹ ਚਿਠੀਆਂ | ੧੫-੦੦ | ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ | ੧੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਸਚਖੰਡ ਦਰਸ਼ਨ ੧-੭੫ ਅੰਮ੍ਰਿਤ ਕੀ ਹੈ ? | ੧-੦੦ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ ? | ੩-੭੫ | ਵਾਹਿਗੁਰੂ ਸਿਮਰਨ | ੦-੫੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਨਾਮ ਸੰਬੰਧੀ ਵਿਚਾਰ | ੦-੯੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ ? | ੦-੪੦ |
| ਕੋ ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |

---

**ਸਿੱਖ : ਇਕ ਵਖਰੀ ਕੌਮ**—ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਨਾਲ ਹੀ ੧੧ ਵਿਦਵਾਨਾਂ ਦੇ ਬੜੇ ਜੋਸ਼ ਤੇ ਨਿਗਰ ਵਾਕਫ਼ੀ ਭਰੇ ਲੇਖ ਇਸ ਅੰਕ ਵਿਚ ਦਿਤੇ ਗਏ ਹਨ। ਭੇਟਾ ਪੰਜ ਰੁਪਏ


www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਸ੍ਰੀ ਅੰਮ੍ਰਿਤਸਰ, ਕਾਨਪੁਰ, ਦਿਲੀ ਅਤੇ ਪੰਜਾਬ ਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਸਿਖਾਂ ਦੇ ਕਤਲੇ-ਆਮ ਵਿਚ ਅਨਗਿਣਤ ਵਿਧਵਾਵਾਂ ਹੋਈਆਂ, ਹਜ਼ਾਰਾਂ ਬੱਚੇ ਯਤੀਮ ਬਣੇ, ਅਖੰਡ ਕੀਰਤਨੀ ਜਥੇ ਦੇ ਵੀ ਕਈ ਪਰਵਾਰ ਤਬਾਹ ਬਰਬਾਦ ਹੋਏ ਅਤੇ ਕਈ ਗੁਰੂ ਕੇ ਲਾਲ ਸਨਮੁਖ ਜੂਝ ਕੇ ਸ਼ਹੀਦੀਆਂ ਪਾ ਗਏ । ਇਨ੍ਹਾਂ ਦੁਖੀ ਤੇ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਬੇਅੰਤ ਮਾਇਆ ਭੇਜ ਰਹੀਆਂ ਹਨ । ਐਤਕੀ ਪੁਜੀ ਸਹਾਇਤਾ ਹੇਠ ਲਿਖੇ ਅਨੁਸਾਰ ਹੈ :—

| | | | |
|---|---|---|---|
| ਸ. ਦਲਜੀਤ ਸਿੰਘ ਅੰਮ੍ਰਿਤਸਰ, ਪਿਤਾ ਭਾਈ ਈਸ਼ਰ ਸਿੰਘ ਜੀ ਦੀ ਯਾਦ ਵਿਚ ਭੋਗ ਸਮੇਂ | ੧੩੨-੭੫ | ਸ: ਜੋਗਿੰਦਰ ਸਿੰਘ ਹੁਸ਼ਿਆਰਪੁਰ | ੧੫੦-੦੦ |
| | | ਭਾਈ ਕੁਲਦੀਪ ਸਿੰਘ ਨੇਵੀ ਬੰਬੇ | ੧੦੦-੦੦ |
| ਗਿ: ਸੁੰਦਰ ਸਿੰਘ ਸਾਗਰ ਮਾਨਚੈਸਟਰ ਯੂ. ਕੇ. | ੮੫-੮੦ | ਸ: ਜਗਦੀਸ਼ ਸਿੰਘ, ਕਠਮੰਡੂ | ੧੧੦੦-੦੦ |
| ਸ: ਗੁਰਿੰਦਰ ਸਿੰਘ ਮੁਰਾਦਾਬਾਦ ਯੂ. ਪੀ. | ੭੧-੦੦ | ਪਰਵਾਰ ਵਲੋਂ ਜਥੇਦਾਰ ਅਜਮੇਰ ਸਿੰਘ ਪੂਹਲਾ ਦੇ ਅਕਾਲ ਚਲਾਣੇ ਤੇ | ੧੦੧-੦੦ |
| ਨੈਕ ਪੂਰਨ ਸਿੰਘ 854 D ਵਰਕਸ਼ਾਪ EME | ੧੨੫-੦੦ | | |
| ਸ: ਜਸਮੇਰ ਸਿੰਘ ਹੈਂਡਸਵਰਥ ਬ੍ਰਮਿੰਘਮ | ੫੫੨-੦੦ | ਸ: ਤੇਜਾ ਸਿੰਘ, ਇੰਜ: ਕਾਲਜ, ਲੁਧਿਆਣਾ | ੧੫੦-੦੦ |
| ਸੰਗਤ ਦੋਹਾ ਕਤਰ | ੩੭੦੦-੦੦ | ਸ: ਅਜੀਤ ਸਿੰਘ ਚੰਡੀਗੜ੍ਹ | ੫੦-੦੦ |
| ਮਿਸਤ੍ਰੀ ਲਾਲ ਸਿੰਘ ਅੰਮ੍ਰਿਤਸਰ ਬੱਚੀ ਦੇ ਅਨੰਦ ਸੰਬੰਧੀ ਸਮਾਗਮ ਦਾ ਚੜ੍ਹਾਵਾ | ੮੬-੫੫ | ਬੀਬੀ ਰਣਜੀਤ ਕੌਰ ਛਤਵਾਲ, ਦਿਲੀ | ੧੫੦-੦੦ |
| | | ਗੁਪਤ | ੩੫-੦੦ |
| ਸ: ਸ਼ਿੰਗਾਰਾ ਸਿੰਘ ਨਿਹੰਗ ਬ੍ਰਮਿੰਘਮ ਯੂ.ਕੇ. | ੮੦੦-੦੦ | ਸ: ਅਮਰਜੀਤ ਸਿੰਘ, ਬੰਬੇ–83 | ੫੦੧-੦੦ |
| ਸ: ਮੇਜਰ ਸਿੰਘ ਡਰਬੀ ਯੂ.ਕੇ. | ੧੬੦੦-੦੦ | Sgt. ਗੁਰਲੋਚਨ ਸਿੰਘ 38 Sqd. A.F. | ੫੦੦-੦੦ |
| ਫੁਟਕਲ | ੧੦-੦੦ | S.M. Singh, W. Bromwich, U.K. | ੨੫੦੦-੦੦ |
| | | ਭਾਈ ਜੋਗਿੰਦਰ ਸਿੰਘ ਲਖਨਊ (ਚੜ੍ਹਾਵਾ ਕੀਰਤਨ) | ੫੧-੦੦ |

## ਪੀੜਤ ਪਰਵਾਰਾਂ ਨੂੰ ਸਹਾਇਤਾ

**ਸੂਚਨਾ**—ਸਿਖ ਸੰਗਤਾਂ ਦੀ ਗਿਆਤ ਲਈ ਬਿਨੈ ਹੈ ਕਿ ਸੰਗਤਾਂ ਵਲੋਂ ਆ ਰਹੀ ਮਾਇਆ ਵਿਚੋਂ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਸਿੰਘਣੀਆਂ ਦੇ ਪਰਵਾਰਾਂ ਦੇ ਨਾਲ ਨਾਲ ਹੋਰ ਪੀੜਤ ਗੁਰਸਿਖ ਪਰਵਾਰਾਂ ਦੀ ਵੀ ਲੋੜ ਤੇ ਯੋਗਤਾ ਅਨੁਸਾਰ ਸਹਾਇਤਾ ਕੀਤੀ ਜਾ ਰਹੀ ਹੈ ਅਤੇ ਅਗੇ ਨੂੰ ਵੀ ਇਹ ਸਹਾਇਤਾ ਲੋੜਵੰਦ ਗੁਰਸਿਖ ਪਰਵਾਰਾਂ ਲਈ ਜਾਰੀ ਰਹੇਗੀ ।

ਸੰਗਤਾਂ ਵਲੋਂ ਆਈ ਮਾਇਆ ਵਿਚੋਂ ਐਤਕੀ ਹੇਠ ਲਿਖੇ ਪਰਵਾਰਾਂ ਨੂੰ ਸਹਾਇਤਾ ਦਿਤੀ ਗਈ ਹੈ—

| | |
|---|---|
| ਬੀਬੀ ਬਲਦੇਵ ਕੌਰ ਸੁਪਤਨੀ ਸ: ਪੂਰਨ ਸਿੰਘ ਪਿੰਡ ਖਾਨੋਵਾਲ (ਕਪੂਰਥਲਾ) | 5000—00 |
| ਬੀਬੀ ਜੀਵਨ ਕੌਰ ਸੁਪਤਨੀ ਸ: ਜਰਨੈਲ ਸਿੰਘ ਪਿੰਡ ਮਾਜਰੀ (ਖੰਨਾ-ਲੁਧਿਆਣਾ) | 5000—00 |

## ਪੀੜਤ ਪਰਵਾਰਾਂ ਦੀ ਦੇਖ ਭਾਲ

ਅਖੰਡ ਕੀਰਤਨੀ ਜਥੇ ਦੇ ਪੀੜਤ ਪਰਵਾਰਾਂ ਦੀ ਦੇਖ ਭਾਲ ਲਈ ਸਾਡੀ ਸਾਂਝੀ ਜ਼ਿਮੇਵਾਰੀ ਹੈ । ਅਜਿਹੇ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਅਤੇ ਬੱਚੀਆਂ ਦੇ ਅਨੰਦ ਕਾਰਜ ਵਿਸ਼ੇਸ਼ ਧਿਆਨ ਦੇ ਮੁਥਾਜ ਹਨ । ਇਸ ਜ਼ਿਮੇਵਾਰੀ ਦੇ ਅਹਿਸਾਸ ਵਜੋਂ ਜਥੇ ਵਲੋਂ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾਵੇਗੀ ਕਿ ਅਜਿਹੇ ਬੱਚਿਆਂ ਦੀ ਪੜ੍ਹਾਈ ਅਤੇ ਬੱਚੀਆਂ ਦੇ ਅਨੰਦ ਕਾਰਜ ਲਈ ਹਰ ਪਰਵਾਰ ਦੀ ਹਾਲਤ ਮੁਤਾਬਕ ਯੋਗ ਸਹਾਇਤਾ ਕੀਤੀ ਜਾਵੇ । ਇਸ ਸੰਬੰਧੀ ਸੂਚਨਾ ਜਥੇ ਦੇ ਕੇਂਦਰੀ ਦਫ਼ਤਰ ਨੂੰ (ਰਾਹੀਂ ਸੂਰਾ ਮਾਸਕ ਪੱਤਰ) ਪੂਰੇ ਵੇਰਵਿਆਂ ਸਹਿਤ ਭੇਜੀ ਜਾਵੇ ਜੀ ।

ਖਾਲਸਾ ਜੀ ਦਾ ਸੇਵਕ—

ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org

# ਅਨੰਦ ਕਾਰਜਾਂ ਲਈ ਸਹੀ ਗੁਰ-ਮਤਿ

ਗੁਰੂ ਪਿਆਰਿਓ, ਅਨੰਦ ਕਾਰਜਾਂ ਦੇ ਵਾਧੂ ਦਿਖਾਵਿਆਂ ਤੇ ਫ਼ਜ਼ੂਲ ਰਸਮਾਂ ਰਿਵਾਜਾਂ ਤੋਂ ਬਚਣ ਲਈ ਸਭ ਤੋਂ ਉਤਮ ਰਾਹ ਇਹੋ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਤਿਆਰ-ਬਰ-ਤਿਆਰ ਕਰ ਕੇ, ਉਨ੍ਹਾਂ ਦੇ ਅਨੰਦ ਕਾਰਜ ਸਿਖ ਸੰਗਤਾਂ ਦੇ ਜੁੜੇ ਕੀਰਤਨ-ਸਮਾਗਮਾਂ ਵਿਚ ਕਰੀਏ। ਇਸ ਤਰ੍ਹਾਂ ਕਿਸੇ ਖਲਜਗਣ ਦੀ ਲੋੜ ਨਹੀਂ ਰਹਿੰਦੀ, ਨਾ ਬੈਂਡ ਵਾਜਿਆਂ ਦੀ, ਨਾ ਸਿਹਰਿਆਂ ਗਾਨਿਆਂ ਤੇ ਘੋੜੀਆਂ ਦੀ, ਨਾ ਬਿਜਲੀ ਦੀਆਂ ਲਾਈਟਾਂ ਦੀ ਪ੍ਰਦਰਸ਼ਨੀ ਦੀ, ਨਾ ਭਾਂਤ ਭਾਂਤ ਦੇ ਖਾਣੇ ਪਰੋਸਣ ਦੀ ਅਤੇ ਨਾ ਬਹਿਰਿਆਂ ਰਾਹੀਂ ਦਿਤੇ ਜਾਣ ਵਾਲੇ ਖਾਣਿਆਂ ਦੀ ਅਤੇ ਨਾ ਵਾਧੂ ਢੋਲ-ਢਮੱਕਿਆਂ ਦੀ।

ਗੁਰਸਿਖ ਜਾਂਞੀ ਮਾਂਞੀ ਕੀਰਤਨ-ਸਮਾਗਮਾਂ ਵਿਚ ਜੁੜਨ, ਨਾਮ ਬਾਣੀ ਨਾਲ ਸਰਸ਼ਾਰ ਹੋਣ ਪਿਛੋਂ ਅਨੰਦ-ਮਰਯਾਦਾ ਕੀਤੀ ਜਾਵੇ। ਅਤੇ ਸਾਂਝੇ ਗੁਰੂ ਕੇ ਲੰਗਰ ਵਚ ਹੀ ਸਮੂਹ ਗੁਰਸਿਖ ਜਾਂਞੀ ਮਾਂਞੀ ਭੋਜਨ ਪਾਨ ਕਰਨ।

ਇਨ੍ਹਾਂ ਗੁਰਮਤਿ ਸਮਾਗਮਾਂ ਵਿਚ ਵੀ ਜੇ ਅਸੀਂ ਦਿਖਾਵਿਆਂ ਵਿਚ ਪੈ ਕੇ ਫ਼ੋਟੋਆਂ ਖਿਚ ਖਿਚ ਕੇ ਅਤੇ ਵੀ. ਡੀ. ਓ. ਫਿਲਮਾਂ ਦੀ ਪ੍ਰਦਰਸ਼ਨੀ ਰਾਹੀਂ ਸਰਚ-ਲਾਈਟਾਂ ਸੁਟ ਸੁਟ ਕੇ ਸਿਖ ਸੰਗਤਾਂ ਦੀ ਸੁਰਤੀ ਬਿਰਤੀ ਨਾਮ-ਬਾਣੀ ਤੋਂ ਉਖੇੜਦੇ ਹਾਂ ਤਾਂ ਇਹ ਮਨਮਤਿ ਹੈ। ਇਸ ਤੋਂ ਸੰਕੋਚ ਕਰਨਾ ਗੁਰਸਿਖੀ ਅਨੁਕੂਲ ਹੈ।

---

# ਭਾ: ਸਾ: ਭਾ: ਰਣਧੀਰ ਸਿੰਘ ਨਿਤਨੇਮ ਉਤਸਾਹਤ ਸਕੀਮ

ਜਿਨ੍ਹਾਂ ਵਿਦਿਆਰਥੀ ਬੱਚਿਆਂ ਨੇ ਇਸ ਸਕੀਮ ਅਧੀਨ ਵਜ਼ੀਫ਼ਿਆਂ ਲਈ ਦਰਖ਼ਾਸਤਾਂ ਦਿਤੀਆਂ ਹਨ, ਉਹ ਦੁਸਹਿਰੇ ਸਮਾਗਮ ਤੇ ਦਿੱਲੀ ਪਹੁੰਚ ਜਾਣ। ਉਨ੍ਹਾਂ ਦੇ ਇਮਤਿਹਾਨ ਸੰਬੰਧੀ ਵੇਰਵਾ ਦਿੱਲੀ ਸਮਾਗਮ ਤੇ ਹੀ ਅਨਾਊਂਸ ਕੀਤਾ ਜਾਏਗਾ।

---

**ਯਮੁਨਾ ਨਗਰ ਜਗਾਧਰੀ ਵਿਖੇ ੧੦ ਸ਼ਾਮ ਤੋਂ ੧੩ ਅਕਤੂਬਰ ਸਵੇਰ ਤਕ ਕੀਰਤਨ ਹੋ ਰਹੇ ਹਨ।**

---

## ਪਿੰਡ ਬਲ (ਜਲੰਧਰ) ਵਿਖੇ ਸਹਿਜ ਪਾਠ ਦੇ ਭੋਗ ਤੇ ਅਖੰਡ ਕੀਰਤਨ

ਭਾਈ ਸਾਹਿਬ ਪੂਰਨ ਸਿੰਘ ਜੀ ਦੀ ਯਾਦ ਵਿਚ ਉਨ੍ਹਾਂ ਦੇ ਪਰਵਾਰ ਵਲੋਂ ੧੩ ਅਕਤੂਬਰ ਐਤਵਾਰ ਨੂੰ ਗੁਰਦਵਾਰਾ ਛਪੜੀ ਸਾਹਿਬ ਪਿੰਡ ਬਲ ਵਿਖੇ ਸਹਿਜ ਪਾਠ ਦੇ ਭੋਗ ਤੇ ਦੁਪਹਿਰ ਤਕ ਕੀਰਤਨ ਹੋਣਗੇ। ਆਇ ਦੀਦਾਰ ਬਖ਼ਸ਼ੋ ਜੀ। ਇਹ ਪਿੰਡ ਜਲੰਧਰ ਤੋਂ ਟਾਂਡਾ ਰੋਡ ਤੇ ੬ ਕੁ ਮੀਲਾਂ ਤੇ ਹੈ। ਬਸਾਂ ਆਮ ਮਿਲਦੀਆਂ ਹਨ।

ਦਰਸ਼ਨ ਅਭਿਲਾਖੀ ਪਰਵਾਰ ਸਵਰਗਵਾਸੀ ਭਾਈ ਪੂਰਨ ਸਿੰਘ ਸਪੁਤਰ ਸ: ਹਰਨਾਮ ਸਿੰਘ ਜੀ, ਪਿੰਡ ਬਲ

## ਪਿੰਡ ਢੰਢਾਰੀ ਕਲਾਂ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਰਾਮਪੁਰ ਸੂਚਨਾ ਦੇਂਦੇ ਹਨ ਕਿ ਭਾਈ ਹਰਦੇਵ ਸਿੰਘ ਦੇ ਗ੍ਰਿਹ ਪਿੰਡ ਢੰਢਾਰੀ ਕਲਾਂ ਵਿਖੇ ੧੨ ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

## ਪਿੰਡ ਸਿਧਵਾਂ ਬੇਟ ਸਲੀਮਪੁਰਾ ਵਿਖੇ ਰੈਣ ਸਬਾਈ ਕੀਰਤਨ

ਭਾਈ ਗੁਰਤੇਜ ਸਿੰਘ ਖਾਲਸਾ ਸੂਚਨਾ ਦੇਂਦੇ ਹਨ ਕਿ ੧੨ ਅਕਤੂਬਰ ਸ਼ਨੀਵਾਰ ਨੂੰ ਸ਼ਹੀਦਾਂ ਦੀ ਯਾਦ ਵਿਚ ਸਿਧਵਾਂ ਬੇਟ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨ ਬਖਸ਼ੋ ਤੇ ਲਾਹੇ ਪ੍ਰਾਪਤ ਕਰੋ ਜੀ।

## ਪਿੰਡ ਰਾਮਲ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਹਰਭਜਨ ਸਿੰਘ ਸਪੁਤਰ ਸ: ਹਰਨਾਮ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਪਿੰਡ ਰਾਮਲ ਨੇੜੇ ਧਿਆਨਪੁਰ ਵਿਖੇ ੨੬ ਅਕਤੂਬਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨ ਬਖਸ਼ੋ ਜੀ। ਬਟਾਲੇ ਤੋਂ ਡੇਰਾ ਬਾਬਾ ਨਾਨਕ ਰੋਡ ਤੇ ਕੋਟਲੀ ਸੂਰਤ ਮਲੀ ਤੋਂ ੫ ਕਿਲੋ ਮੀਟਰ। ਫਤਹਗੜ੍ਹ ਚੂੜੀਆਂ ਤੋਂ ਬਟਾਲਾ ਰੋਡ ਤੇ ਕਾਲਾ ਅਫ਼ਗਾਨਾ ਤੋਂ ੫ ਕਿਲੋ ਮੀਟਰ ਇਹ ਪਿੰਡ ਹੈ।

www.AKJ.Org

# ਦਿਲੀ ਵਿਖੇ ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ

## ਸ਼ਨੀਵਾਰ ੧੯ ਅਕਤੂਬਰ ਸਵੇਰ ਤੋਂ ੨੨ ਅਕਤੂਬਰ ੧੯੮੫ ਸਵੇਰ ਤਕ

ਸਦਾ ਵਾਂਗ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਬਖਸ਼ਸ਼ ਸਦਕਾ ਗੁਰਪੁਰ ਵਾਸੀ ਪੰਥ ਰਤਨ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਕੀਰਤਨੀ ਜਥਿਆਂ ਵਲੋਂ ਕੀਰਤਨ ਸਮਾਗਮ ਹੇਠ ਲਿਖੇ ਅਨੁਸਾਰ ਹੋ ਰਹੇ ਹਨ । ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ ।

| ਆਸਾ ਦੀ ਵਾਰ (ਸਵੇਰੇ ੫ ਤੋਂ ੮-੩੦ ਉਪ੍ਰੰਤ ਦੁਪਹਿਰ ਤਕ ਕੀਰਤਨ) | ਸੋਦਰ ਤੇ ਕੀਰਤਨ (ਸ਼ਾਮ ੭ ਤੋਂ ੯) |
|---|---|
| ੧੯ ਅਕਤੂਬਰ ਗੁਰਦਵਾਰਾ ਸੀਸ ਗੰਜ ਸਾਹਿਬ, ਚਾਂਦਨੀ ਚੌਕ | ਗੁਰਦੁਆਰਾ ਬੰਗਲਾ ਸਾਹਿਬ |
| ੨੦ ਅਕਤੂਬਰ ਗੁਰਦਵਾਰਾ ਬੰਗਲਾ ਸਾਹਿਬ | ਗੁਰਦੁਆਰਾ ਬੰਗਲਾ ਸਾਹਿਬ |
| ੨੧ ਅਕਤੂਬਰ ਗੁਰਦਵਾਰਾ ਬੰਗਲਾ ਸਾਹਿਬ | ਰੈਣ ਸਬਾਈ ਅਰੰਭ ੭ ਵਜੇ ਸ਼ਾਮ ਗੁ: ਰਕਾਬਗੰਜ ਸਾਹਿਬ |
| ਅੰਮ੍ਰਿਤ ਸਿੰਚਾਰ ੨੧ ਅਕਤੂਬਰ ਦਿਨੇ ਦੋ ਵਜੇ ਗੁ: ਰਕਾਬਗੰਜ ਸਾਹਿਬ | (੨੨ ਅਕਤੂਬਰ ਸਵੇਰੇ ੬ ਵਜੇ ਸਮਾਪਤੀ) |

ਸੰਗਤਾਂ ਦਾ ਉਤਾਰਾ—ਗੁਰੂ ਤੇਗ ਬਹਾਦਰ ਖਾਲਸਾ ਹਾਇਰ ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ. ਨਵੀਂ ਦਿਲੀ

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਦਿਲੀ

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਗੁਰਪੁਰਬ

ਇਹ ਗੁਰਪੁਰਬ ਯੂ. ਪੀ. ਵਿਚ ਸ਼ਾਹ ਜਹਾਨ ਪੁਰ ਦੇ ਇਲਾਕੇ ਵਿਚ ਮਨਾਏ ਜਾਣ ਸਮੇਂ, ਸਿੱਖ ਸੰਗਤਾਂ ਨੂੰ ਪੰਜਾਬ ਤੋਂ ਲਿਜਾਣ ਲਈ, ਇਕ ਦੋ ਸਪੈਸ਼ਲ ਬੋਘੀਆਂ (ਰੇਲਵੇ) ਬੁਕ ਕਰਵਾਈਆਂ ਜਾਣਗੀਆਂ । ਅੰਮ੍ਰਿਤਧਾਰੀ ਨਿਤਨੇਮੀ ਸਿੰਘ ਸਿੰਘਣੀਆਂ ਅਤੇ ਖ਼ਾਸ ਕਰ ਗੁਰੂ ਕੇ ਕੀਰਤਨੀਏ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਅਪਣੇ ਨਾਂ ਤੇ ਪੂਰੇ ਪਤੇ 'ਸੂਰਾ' ਦੇ ਦਫ਼ਤਰ ਵਿਚ ਵਾਪਸੀ ਡਾਕੇ ਭੇਜਣ ਦੀ ਕਿਰਪਾ ਕਰਨ । ਇਹ ਨਾਂ-ਪਤੇ ੨੦ ਅਕਤੂਬਰ ਤਕ ਪੁਜਣੇ ਜ਼ਰੂਰੀ ਹਨ, ਤਾਕਿ ਰੇਲਵੇ ਬੋਘੀ/ਬੋਘੀਆਂ ਵੇਲੇ ਸਿਰ ਬੁਕ ਕਰਾਈਆਂ ਜਾ ਸਕਣ ।

ਸ੍ਰੀ ਅੰਮ੍ਰਿਤਸਰ ਤੋਂ ੨੪ ਨਵੰਬਰ ਐਤਵਾਰ ਸ਼ਾਮ ਨੂੰ ਗਡੀ ਚਲੇਗੀ ਅਤੇ ੨੮ ਨਵੰਬਰ ਸਵੇਰੇ ਪੁਜ ਜਾਵੇਗੀ । ਅੰਮ੍ਰਿਤਸਰ ਤੋਂ ਅਗੇ ਵਡੇ ਸਟੇਸ਼ਨਾਂ ਤੋਂ ਹੀ ਸਵਾਰੀਆਂ ਵਕਤ ਸਿਰ ਪੁਜ ਕੇ ਨਾਲ ਸ਼ਾਮਲ ਹੁੰਦੀਆਂ ਜਾਣਗੀਆਂ । ਗੁਰਮਤਿ ਪਰਚਾਰ ਨੂੰ ਮੁਖ ਰਖਦਿਆਂ ਵਧ ਤੋਂ ਵਧ ਗੁਰੂ ਪਿਆਰੇ ਅਤੇ ਗੁਰੂ ਕੇ ਕੀਰਤਨੀਏ ਸ਼ਾਮਲ ਹੋ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ । ਗੁਰਦੁਆਰਾ ਨਾਨਕ ਮਤਾ ਦੀ ਯਾਤਰਾ ਦਾ ਪ੍ਰੋਗਰਾਮ ਵਿਚ ਹੀ ਹੋਵੇਗਾ ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਦੇਂਦੇ ਹਨ ਕਿ 26-10-85 ਸ਼ਨੀਵਾਰ ਰਾਤ ਨੂੰ ਗੁਰਦਵਾਰਾ ਬੇਬੇ ਨਾਨਕੀ ਹੈਂਡਸਵਰਥ ਬਰਮਿੰਘਮ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ । ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ।

Gurdwara Bebe Nanki, 189 Roockery Road, Handsworth Birmingham–21

ਗੁਰਦਵਾਰਾ ਫ਼ੋਨ : 021-551-349, ਵਧੇਰੇ ਜਾਣਕਾਰੀ ਭਾ: ਹਰਭਜਨ ਸਿੰਘ ਸਗੂ ਫ਼ੋਨ 021-565-1897

# ਪਿੰਡ ਕਾਲਾ ਬਾਲਾ (ਗੁਰਦਾਸਪੁਰ) ਵਿਖੇ ਸ੍ਰੀ ਅਖੰਡ ਪਾਠ ਤੇ ਰੈਣ ਸਬਾਈ ਕੀਰਤਨ

ਦਿਲੀ ਦੇ ਘਲੂਘਾਰੇ ਵਿਚ ਮਾਰੇ ਗਏ ਸਾਡੇ ਪਰਵਾਰ ਦੇ ਤਿੰਨ ਸਿੰਘਾਂ ਦੇ ਨਮਿਤ ੨ ਨਵੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ, ਉਪਰੰਤ ਦੁਪਹਿਰ ਤਕ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ । ਦਰਸ਼ਨ ਦੇ ਕੇ ਨਿਵਾਜੋ ਜੀ । ਇਹ ਪਿੰਡ ਗੁਰਦਾਸਪੁਰ—ਸ੍ਰੀ ਹਰਿਗੋਬਿੰਦਪੁਰ ਰੋਡ ਤੇ ਸਠਿਆਲੀ ਨੇੜੇ ਹੈ । ਬਟਾਲਾ—ਕਾਹਨੂਵਾਨ ਸੜਕ ਤੇ ਬਟਾਲਾ ਤੋਂ ੧੪ ਮੀਲਾਂ ਤੇ ਹੈ ।

ਦਾਸਰਾ—ਕਰਨੈਲ ਸਿੰਘ

# ਗੁਰਦਵਾਰਾ ਅਕਾਲੀ ਵਾਲਾ ਨਾਰੰਗਵਾਲ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਭਾ: ਸਾ: ਭਾਈ ਰਣਧੀਰ ਸਿੰਘ ਜੀ ਤੇ ਉਨ੍ਹਾਂ ਦੇ ਸੰਗੀ ਸਾਥੀ ਡਾਕਟਰ ਬਸੰਤ ਸਿੰਘ ਜੀ ਦੀ ਯਾਦ ਵਿਚ ੨ ਨਵੰਬਰ ਸ਼ਨੀਵਾਰ ਨੂੰ ਦਿਵਸ ਸੁਹੇਲਾ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ ਤੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ । ਦਰਸ਼ਨ ਬਖ਼ਸ਼ੋ ਜੀ ।

ਦਾਸਰਾ—ਭਾਈ ਨਰੈਣ ਸਿੰਘ

www.AKJ.Org